ਬਾਂਦਰ ਮੁਖੀ ਅਤੇ ਭੂਤ

ਬਾਂਦਰਾਂ ਦਾ ਇੱਕ ਦਲ ਇੱਕ ਵਾਰ ਨਵਾਂ ਘਰ ਬਣਾਉਣ ਲਈ ਦੂਰ ਜੰਗਲ ਵਿੱਚ ਗਿਆ। ਮੁੱਖ ਬਾਂਦਰ ਨੇ ਉਨ੍ਹਾਂ ਨੂੰ ਕਿਹਾ, "ਇਸ ਜੰਗਲ ਵਿੱਚ ਇੱਕ ਤਲਾਅ ਬਹੁਤ ਖ਼ਤਰਨਾਕ ਹੈ। ਇਸ ਵਿੱਚ ਇੱਕ ਭਿਆਨਕ ਭੂਤ ਰਹਿੰਦਾ ਹੈ! ਮੈਨੂੰ ਪੁੱਛੇ ਬਿਨਾਂ ਕਿਸੇ ਤਲਾਅ ਦਾ ਪਾਣੀ ਪੀਣ ਦੀ ਕੋਸ਼ਿਸ਼ ਨਾ ਕਰੋ!"

ਮੁਖੀ ਨੇ ਇਲਾਕੇ ਦੇ ਸਾਰੇ ਤਲਾਅ ਦਾ ਮੁਆਇਨਾ ਕੀਤਾ। ਜਦੋਂ ਇਹ ਯਕੀਨੀ ਹੋ ਗਿਆ ਕਿ ਤਲਾਅ ਸੁਰੱਖਿਅਤ ਹਨ, ਤਾਂ ਉਸਨੇ ਦਲ ਨੂੰ ਪਾਣੀ

ਪੀਣ ਦੀ ਇਜਾਜ਼ਤ ਦੇ ਦਿੱਤੀ। ਬਾਂਦਰ ਆਪਣੇ ਨਵੇਂ ਘਰ ਵਿੱਚ ਵਸ ਗਏ।

ਇੱਕ ਦਿਨ ਫੌਜ ਜੰਗਲ ਦੇ ਇੱਕ ਨਵੇਂ ਹਿੱਸੇ ਵਿੱਚ ਤੁਰ ਪਈ। ਇਹ ਇੱਕ ਲੰਮਾ ਪੈਦਲ ਸਫ਼ਰ ਸੀ। ਇੱਕ ਛੋਟੇ ਬਾਂਦਰ ਨੇ ਕਿਹਾ, "ਮਾਂ, ਮੈਨੂੰ ਪਿਆਸ ਲੱਗ ਰਹੀ ਹੈ!"





ਬਿਨਾਂ ਸੋਚੇ ਉਸਦੀ ਮਾਂ ਨੇ ਜਵਾਬ ਦਿੱਤਾ, "ਦੇਖੋ! ਮੈਨੂੰ ਇੱਕ ਤਲਾਅ ਦਿਖਾਈ ਦਿੰਦਾ ਹੈ। ਆਓ ਉੱਥੇ ਕੁਝ ਪਾਣੀ ਪੀ ਲਈਏ।""

"ਰੁਕੋ! ਤਲਾਅ ਦੇ ਨੇੜੇ ਨਾ ਜਾਓ!" ਇੱਕ ਹੋਰ ਬਾਂਦਰ ਨੇ ਕਿਹਾ। "ਕੀ ਤੁਸੀਂ ਸਾਡੇ ਨੇਤਾ ਦੀ ਚੇਤਾਵਨੀ ਭੁੱਲ ਗਏ ਹੋ?"

ਬਾਂਦਰ ਮੁਖੀ ਉਨ੍ਹਾਂ ਕੋਲ ਆਇਆ। "ਕੀ ਤੁਹਾਨੂੰ ਪਾਣੀ ਚਾਹੀਦਾ ਹੈ? ਬੱਸ ਉਦੋਂ ਤੱਕ ਉਡੀਕ ਕਰੋ ਜਦੋਂ ਤੱਕ ਮੈਂ ਤਲਾਅ ਦੀ ਜਾਂਚ ਨਹੀਂ ਕਰਦਾ।"

ਇਹ ਤਲਾਅ ਦੇ ਕਿਨਾਰੇ ਗਿਆ ਅਤੇ ਧਿਆਨ ਨਾਲ ਜਾਂਚ ਕੀਤੀ। "ਆਹਾ!" ਇਸਨੇ ਕਿਹਾ। "ਸਾਰੇ ਪੈਰਾਂ ਦੇ ਨਿਸ਼ਾਨ ਪਾਣੀ ਵਿੱਚ ਜਾਂਦੇ ਹਨ। ਪੈਰਾਂ ਦੇ ਨਿਸ਼ਾਨ ਬਾਹਰ ਨਹੀਂ ਆ ਰਹੇ। ਇਹ ਉਹ ਤਲਾਅ ਹੋਣਾ ਚਾਹੀਦਾ ਹੈ ਜਿੱਥੇ ਭੂਤ ਰਹਿੰਦਾ ਹੈ!"

ਇਸਨੇ ਸਾਰੇ ਬਾਂਦਰਾਂ ਨੂੰ ਬੁਲਾਇਆ। "ਸੁਣੋ, ਸਾਰੇ' । "ਇਹ ਤਲਾਅ ਖ਼ਤਰਨਾਕ ਹੈ। ਕਿਸੇ ਨੂੰ ਵੀ ਇਸ ਦੇ ਨੇੜੇ ਨਹੀਂ ਜਾਣਾ ਚਾਹੀਦਾ।"

ਜਿਵੇਂ ਹੀ ਮੁਖੀ ਨੇ ਗੱਲ ਖਤਮ ਕੀਤੀ, ਤਲਾਅ ਵਿੱਚੋਂ ਇੱਕ ਭਿਆਨਕ ਹਾਸਾ ਆਇਆ: "ਹਾਹਾਹਾਹਾਹਾ!" ਇੱਕ ਭੂਤ ਪਾਣੀ ਵਿੱਚੋਂ ਉੱਠਿਆ। "ਮੈਂ ਤਲਾਅ ਦੇ ਨੇੜੇ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਨਿਗਲ ਲਵਾਂਗਾ," ਇਸਨੇ ਧਮਕੀ ਦਿੱਤੀ।

ਪਰ ਤੁਸੀਂ ਸਾਨੂੰ ਸਿਰਫ਼ ਤਾਂ ਹੀ ਨਿਗਲ ਸਕਦੇ ਹੋ ਜੇਕਰ ਅਸੀਂ ਤਲਾਅ ਵਿੱਚ ਦਾਖਲ ਹੁੰਦੇ ਹਾਂ। ਸਾਡੇ ਵਿੱਚੋਂ ਕੋਈ ਵੀ ਅਜਿਹਾ ਨਹੀਂ ਕਰੇਗਾ," ਬਾਂਦਰ ਮੁਖੀ ਨੇ ਸ਼ਾਂਤੀ ਨਾਲ ਜਵਾਬ ਦਿੱਤਾ।

"ਫਿਰ ਤੁਸੀਂ ਸਾਰੇ ਮਰਨ ਜਾ ਰਹੇ ਹੋ! ਜਾਂ ਕੀ ਤੁਸੀਂ ਪਾਣੀ ਤੋਂ ਬਿਨਾਂ ਬਚ ਸਕਦੇ ਹੋ?" ਭੂਤ ਨੇ ਤਾਅਨਾ ਮਾਰਿਆ।

ਬਾਂਦਰ ਮੁਖੀ ਨੇ ਕਿਹਾ, "ਬਿਲਕੁਲ ਨਹੀਂ! ਅਸੀਂ ਤੁਹਾਡੇ ਤਲਾਅ ਦਾ ਪਾਣੀ ਪੀਵਾਂਗੇ।"

"ਤੁਸੀਂ ਇਹ ਕਿਵੇਂ ਕਰੋਗੇ?" ਭੂਤ ਨੇ ਪੁੱਛਿਆ।

"ਤੁਸੀਂ ਬੱਸ ਉਡੀਕ ਕਰੋ ਅਤੇ ਦੇਖੋ," ਮੁਖੀ ਨੇ ਕਿਹਾ।

ਫਿਰ ਇਸਨੇ ਕੁਝ ਬਾਂਦਰਾਂ ਨੂੰ ਬਾਂਸ ਦੇ ਡੰਡੇ ਇਕੱਠੇ ਕਰਨ ਲਈ ਭੇਜਿਆ। ਜਦੋਂ ਉਹ ਵਾਪਸ ਆਏ, ਤਾਂ ਇਸਨੇ ਸਾਰੇ ਡੰਡਿਆਂ ਦੀ ਜਾਂਚ ਕੀਤੀ। ਉਨ੍ਹਾਂ ਵਿੱਚੋਂ ਕੁਝ ਸਿਰੇ ਤੋਂ ਸਿਰੇ ਤੱਕ ਖੋਖਲੇ ਸਨ। ਮੁਖੀ ਨੇ ਇਨ੍ਹਾਂ ਨੂੰ ਰੱਖ ਲਿਆ ਅਤੇ ਬਾਕੀਆਂ ਨੂੰ ਇੱਕ ਪਾਸੇ ਰੱਖ ਦਿੱਤਾ।




ਫਿਰ, ਸਾਰੇ ਖੋਖਲੇ ਡੰਡਿਆਂ ਨੂੰ ਲੈ ਕੇ, ਇਸਨੇ ਇੱਕ ਨੂੰ ਅਗਲੇ ਦੇ ਅੰਦਰ ਅਗਲੇ ਵਿੱਚ ਘੁਮਾ ਕੇ ਇੱਕ ਲੰਮਾ ਪਾਈਪ ਬਣਾਇਆ । ਪਾਈਪ ਦਾ ਇੱਕ ਸਿਰਾ ਤਲਾਅ ਵਿੱਚ ਪਾ ਦਿੱਤਾ। ਫਿਰ ਦੂਜੇ ਸਿਰੇ ਤੋਂ ਚੂਸਿਆ ਜਦੋਂ ਤੱਕ ਪਾਣੀ ਬਾਹਰ ਨਹੀਂ ਆਇਆ।

ਹੁਣ ਸਾਰੇ ਬਾਂਦਰ ਆਪਣਾ ਪੇਟ ਭਰ ਕੇ ਪਾਣੀ ਪੀਣ ਦੇ ਯੋਗ ਸਨ। ਇਹ ਸੁਆਦੀ ਹੈ!" ਇੱਕ ਛੋਟੇ ਬਾਂਦਰ ਨੇ ਕਿਹਾ।

ਭੂਤ ਬਹੁਤ ਨਿਰਾਸ਼ ਸੀ। ਇਹ ਵਾਪਸ ਤਲਾਅ ਵਿੱਚ ਡਿੱਗ ਪਿਆ ਅਤੇ ਅਲੋਪ ਹੋ ਗਿਆ। "ਸਾਡੇ ਸਿਆਣੇ ਮੁਖੀ ਲਈ ਹੂਰੇ!" ਸਾਰੇ ਬਾਂਦਰਾਂ ਖੁਸ਼ ਸਨ।

ਇੱਕ ਜਾਤਕ ਕਹਾਣੀ



Publisher Rajalakshmi Srinivasan Memorial Foundation

P. Saraswati V. Vijayakanthi

Punjabi Ramanpreet Kaur

L. S. Saraswathi S. Rajalakshmi

Artist Uma Krishnaswamy

ਮੈਰੀ ਖੁਸ਼ ਹੈ

ਜਦੋਂ ਦੀਪਾ ਕਮਰੇ ਵਿੱਚ ਆਈ ਤਾਂ ਮੈਰੀ ਨੇ ਕਾਗਜ਼ ਦੀ ਇੱਕ ਸ਼ੀਟ ਫੜੀ ਹੋਈ ਸੀ। " ਇੱਕ ਤਸਵੀਰ!" ਦੀਪਾ ਨੇ ਕਿਹਾ। "ਕੀ ਮੈਂ ਦੇਖ ਸਕਦੀ ਹਾਂ?"

ਫਿਰ ਉਸਨੇ ਆਪਣੀ ਸਹੇਲੀ ਦੇ ਚਿਹਰੇ ਵੱਲ ਦੇਖਿਆ। ਮੈਰੀ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ! ਦੀਪਾ ਹੈਰਾਨ ਰਹਿ ਗਈ। "ਰੋ ਨਾ!" ਉਸਨੇ ਕਿਹਾ। "ਕੀ ਹੋਇਆ?"

"ਮੈਂ ਤੁਹਾਡੇ ਬਾਗ ਵਿੱਚ ਸੀ, ਚਿੱਤਰ ਬਣਾ ਰਹੀ ਸੀ," ਮੈਰੀ ਨੇ ਰੋਂਦਿਆਂ ਕਿਹਾ। "ਰਘੂ ਕੋਲ ਆਇਆ ਅਤੇ ਮੇਰੀ ਤਸਵੀਰ ਵੱਲ ਦੇਖਿਆ। ਉਹ ਮੇਰੇ 'ਤੇ ਹੱਸਿਆ, ਦੀਪਾ!"



"ਓਹ, ਮੈਰੀ!" ਦੀਪਾ ਨੇ ਕਿਹਾ। ਮੈਰੀ ਨੇ ਆਪਣੇ ਹੰਝੂਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। "ਉਸਨੇ ਕਿਹਾ ਕਿ ਮੇਰੀ ਤਸਵੀਰ ਚੰਗੀ ਨਹੀਂ ਸੀ!" ਉਸਨੇ ਅੱਗੇ ਕਿਹਾ। "ਮੈਂ ਕਦੇ ਵੀ, ਕਦੇ ਵੀ ਦੂਜੀ ਤਸਵੀਰ ਨਹੀਂ ਬਣਾਵਾਂਗੀ! ਕਦੇ ਨਹੀਂ!"

"ਪਰ ਇਹ ਬਹੁਤ ਵਧੀਆ ਹੈ!" ਦੀਪਾ ਨੇ ਕਿਹਾ। ਧਿਆਨ ਨਾਲ, ਉਸਨੇ ਮੈਰੀ ਤੋਂ ਚਿੱਤਰ ਲਿਆ। ਉਸਨੇ ਇਸਨੂੰ ਧਿਆਨ ਨਾਲ ਦੇਖਿਆ।

"ਸ਼ਾਨਦਾਰ!" ਉਸਨੇ ਫਿਰ ਕਿਹਾ। "ਸੁਣੋ। ਮੇਰੇ ਮੂਰਖ ਭਰਾ ਨੂੰ ਤੁਹਾਨੂੰ ਰੋਣ ਦਾ ਮੌਕਾ ਨਾ ਦਿਓ! ਯਾਦ ਰੱਖੋ, ਅਸੀਂ ਸਾਰੇ ਦੁਨੀਆਂ ਨੂੰ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਦੇਖਦੇ ਹਾਂ। ਅਸੀਂ ਇੱਕੋ ਜਿਹਾ ਨਹੀਂ ਦੇਖਦੇ, ਜਾਂ ਇੱਕੋ ਜਿਹਾ ਨਹੀਂ ਸੋਚਦੇ, ਇਸ ਲਈ ਅਸੀਂ ਸਾਰੇ ਵੱਖਰੇ ਢੰਗ ਨਾਲ ਚਿੱਤਰ ਖਿੱਚਦੇ ਹਾਂ। ਤੁਸੀਂ ਬਸ ਜੋ ਵੀ ਤੁਹਾਡੇ ਮਨ ਵਿੱਚ ਆਉਂਦਾ ਹੈ ਉਹੀ ਚਿੱਤਰ ਖਿੱਚਦੇ ਰਹੋ!"

ਮੈਰੀ ਨੇ ਆਪਣਾ ਚਿਹਰਾ ਪੂੰਝਿਆ। ਦੀਪਾ ਦਿਲਾਸਾ ਦੇਣ ਵਾਲੀ ਲੱਗ ਰਹੀ ਸੀ ਖੁਸ਼ ਸੀ।




ਅਗਲੇ ਹਫ਼ਤੇ, ਦੀਪਾ ਦੇ ਰਿਸ਼ਤੇਦਾਰ ਮਿਲਣ ਆਏ। ਮੈਰੀ ਅਤੇ ਦੀਪਾ ਉਨ੍ਹਾਂ ਨਾਲ ਇੱਕ ਦਿਨ ਲਈ ਬੀਚ 'ਤੇ ਸ਼ਾਮਲ ਹੋਈਆਂ। ਦੀਪਾ ਪੈਨਸਿਲ ਅਤੇ ਕਾਗਜ਼, ਪੇਂਟ ਅਤੇ ਬੁਰਸ਼ ਲੈ ਕੇ ਆਈ।

ਉਨ੍ਹਾਂ ਦੇ ਚਾਰੋਂ ਪਾਸੇ ਸਮੁੰਦਰ ਕਿਨਾਰਾ ਕਾਫੀ ਰੌਣਕ ਨਾਲ ਭਰਿਆ ਹੋਇਆ ਸੀ।ਕੁਝ ਮਛੇਰੇ ਇੱਕ ਕਿਸ਼ਤੀ ਦੀ ਮੁਰੰਮਤ ਕਰ ਰਹੇ ਸਨ। ਦੂਸਰੇ ਫੜੀਆਂ ਹੋਈਆਂ ਮੱਛੀਆਂ ਲੈ ਕੇ ਆ ਰਹੇ ਸਨ। ਮੈਰੀ ਅਤੇ ਦੀਪਾ ਅਤੇ ਉਸਦਾ ਪਰਿਵਾਰ ਖੁਸ਼ ਸਨ! ਸਾਰਿਆਂ ਨੇ ਕੁਝ ਸਮਾਨ ਚੁੱਕਿਆ ਅਤੇ ਆਪਣੀਆਂ ਤਸਵੀਰਾਂ ਪੇਂਟ ਕਰਨ ਲਈ ਚਲੇ ਗਏ।

ਸਿਰਫ਼ ਮੈਰੀ ਝਿਜਕਦੀ ਸੀ। "ਮੈਨੂੰ ਨਹੀਂ ਆਉਂਦੀ ਕਿ ਕਿਵੇਂ ਚਿੱਤਰ ਖਿੱਚਣਾ ਹੈ!" ਉਸਨੇ ਕਿਹਾ। ਕੁਝ ਦੇਰ ਲਈ ਉਸਨੇ ਦੂਜਿਆਂ ਨੂੰ ਦੇਖਿਆ। ਪਰ ਜਲਦੀ ਹੀ ਉਹ ਵੀ ਡਰਾਇੰਗ ਵਿੱਚ ਡੁੱਬ ਗਈ।

ਅੰਤ ਵਿੱਚ ਚਿੱਤਰਾਂ ਨੂੰ ਸੁੱਕਣ ਲਈ ਲਟਕਾਇਆ ਗਿਆ ਸੀ। ਡਰਾਇੰਗਾਂ ਨੂੰ ਸਾਰਿਆਂ ਨੇ ਪਾਸ ਕੀਤਾ । ਉਨ੍ਹਾਂ ਸਾਰਿਆਂ ਨੇ ਦਿਲਚਸਪੀ ਨਾਲ ਉਨ੍ਹਾਂ ਵੱਲ ਦੇਖਿਆ।



ਬਿਲਕੁਲ ਉਹੀ ਦ੍ਰਿਸ਼ ਉਨ੍ਹਾਂ ਦੇ ਸਾਹਮਣੇ ਸੀ। ਪਰ ਹਰੇਕ ਵਿਅਕਤੀ ਨੇ ਇਸਨੂੰ ਆਪਣੇ ਤਰੀਕੇ ਨਾਲ ਬਣਾਇਆ ਅਤੇ ਪੇਂਟ ਕੀਤਾ ਸੀ। ਮੈਰੀ ਨੂੰ ਦੀਪਾ ਦੇ ਸ਼ਬਦ ਯਾਦ ਆਏ। "ਅਸੀਂ ਸਾਰੇ ਇੱਕੋ ਤਰੀਕੇ ਨਾਲ ਨਹੀਂ ਦੇਖਦੇ, ਜਾਂ ਇੱਕੋ ਤਰੀਕੇ ਨਾਲ ਨਹੀਂ ਸੋਚਦੇ, ਅਤੇ ਅਸੀਂ ਸਾਰੇ ਇੱਕੋ ਤਰੀਕੇ ਨਾਲ ਨਹੀਂ ਖਿੱਚਦੇ!"

"ਦੀਪਾ ਸਹੀ ਕਹਿੰਦੀ ਹੈ!" ਉਸਨੇ ਕਿਹਾ। ਉਤਸੁਕਤਾ ਨਾਲ, ਉਸਨੇ ਆਪਣੀ ਤਸਵੀਰ ਚੁੱਕੀ। ਉਸਨੇ ਇਸ ਬਾਰੇ ਇੱਕ ਕਹਾਣੀ ਸੁਣਾਉਣੀ ਸ਼ੁਰੂ ਕਰ ਦਿੱਤੀ। ਦੀਪਾ ਅਤੇ ਬਾਕੀ ਹੈਰਾਨ ਹੋ ਗਏ। "ਤੂੰ ਕਿੰਨੀ ਵਧੀਆ ਕਹਾਣੀਕਾਰ ਹੈਂ, ਮੈਰੀ!" ਉਨ੍ਹਾਂ ਨੇ ਉਸਨੂੰ ਦੱਸਿਆ। ਉਹ ਦਿਨ ਮੈਰੀ ਲਈ ਇੱਕ ਖੁਸ਼ੀ ਦਾ ਦਿਨ ਸੀ।

ਉਦੋਂ ਤੋਂ, ਮੈਰੀ ਹਮੇਸ਼ਾ ਚੀਜ਼ਾਂ ਨੂੰ ਉਸੇ ਤਰ੍ਹਾਂ ਬਣਾਉਂਦੀ ਹੈ ਜਿਵੇਂ ਉਹ ਉਸਨੂੰ ਦਿਖਾਈ ਦਿੰਦੀਆਂ ਹਨ। ਉਹ ਇਸ ਗੱਲ ਦੀ ਚਿੰਤਾ ਨਹੀਂ ਕਰਦੀ ਕਿ ਦੂਜੇ ਲੋਕ ਕੀ ਕਹਿਣਗੇ। ਉਸਦਾ ਆਤਮ ਵਿਸ਼ਵਾਸ ਵਧਿਆ ਹੈ ਅਤੇ ਉਹ ਆਨੰਦ ਮਾਣਦੀ ਹੈ। ਅਤੇ ਆਪਣੀਆਂ ਤਸਵੀਰਾਂ ਪੂਰੀਆਂ ਕਰਨ ਤੋਂ ਬਾਅਦ, ਉਹ ਉਨ੍ਹਾਂ ਬਾਰੇ ਬਹੁਤ ਸਾਰੀਆਂ ਕਹਾਣੀਆਂ ਸੁਣਾਉਂਦੀ ਹੈ!




P. Saraswati V. Vijayakanthi
L. S. Saraswathi S. Rajalakshmi


Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਧਰਤੀ ਪਾਟ ਰਹੀ ਹੈ!

ਇੱਕ ਦਿਨ ਇੱਕ ਛੋਟਾ ਜਿਹਾ ਖਰਗੋਸ਼ ਪਾਲਮੀਰਾ (ਤਾਡ) ਦੇ ਰੁੱਖ ਦੀ ਛਾਂ ਵਿੱਚ ਨੀਂਦ ਲੈ ਰਿਹਾ ਸੀ। ਨੇੜੇ ਹੀ, ਇੱਕ ਉੱਚੇ ਬੇਲ ਦੇ ਰੁੱਖ ਤੋਂ ਇੱਕ ਫਲ ਡਿੱਗਿਆ। ਫਲ ਪਾਲਮੀਰਾ ਦੇ ਰੁੱਖ ਦੀਆਂ ਪੱਤੀਆਂ ਵਿੱਚੋਂ ਹੁੰਦਾ ਹੋਇਆ ਜ਼ਮੀਨ 'ਤੇ ਡਿੱਗ ਪਿਆ। ਇਸਦੇ ਛਿਲਕੇ ਦੇ ਪੱਥਰ ਨਾਲ ਟਕਰਾਉਣ ਦੀ 'ਕੜਾਕ' ਦੀ ਆਵਾਜ਼ ਆਈ। ਖਰਗੋਸ਼ ਹੜਬੜਾ ਕੇ ਉੱਠਿਆ। "ਓਹ, ਨਹੀਂ!" ਉਸਨੇ ਸੋਚਿਆ। "ਧਰਤੀ ਪਾਟ ਰਹੀ ਹੈ!" ਉਹ ਭੱਜਣ ਲੱਗਾ। ਇੱਕ-ਇੱਕ ਕਰਕੇ ਦੂਜੇ ਖਰਗੋਸ਼ ਵੀ ਪਿੱਛੇ ਚੱਲ ਪਏ। ਉਨ੍ਹਾਂ ਵਿੱਚੋਂ ਕਿਸੇ ਨੂੰ ਨਹੀਂ ਪਤਾ ਸੀ ਕਿ ਉਹ ਕਿਉਂ ਭੱਜ ਰਹੇ ਹਨ! ਇੱਕ ਹਿਰਨ ਨੇ ਉਨ੍ਹਾਂ ਨੂੰ ਆਉਂਦੇ ਦੇਖਿਆ। "ਤੁਸੀਂ ਸਾਰੇ ਕਿਉਂ ਭੱਜ ਰਹੇ ਹੋ?" ਉਸਨੇ ਪੁੱਛਿਆ। "ਕੀ ਕੋਈ ਤੁਹਾਡਾ ਪਿੱਛਾ ਕਰ ਰਿਹਾ ਹੈ?" ਛੋਟੇ ਖਰਗੋਸ਼ ਨੇ ਜਵਾਬ ਦਿੱਤਾ, "ਧਰਤੀ ਪਾਟ ਰਹੀ ਹੈ! ਭੱਜੋ! ਭੱਜੋ!" ਇਸ ਲਈ ਹਿਰਨ ਵੀ ਭੱਜਣ ਲੱਗਾ।



ਇੱਕ ਰਿੱਛ ਰਸਤੇ ਵਿੱਚ ਖੜ੍ਹਾ ਸੀ। "ਹਿਰਨ, ਤੂੰ ਇੰਞ ਕਿਉਂ ਭੱਜ ਰਿਹਾ ਹੈਂ?" ਉਸਨੇ ਪੁੱਛਿਆ। "ਤੈਨੂੰ ਵੀ ਭੱਜਣਾ ਚਾਹੀਦਾ ਹੈ! ਧਰਤੀ ਪਾਟ ਰਹੀ ਹੈ!" ਹਿਰਨ ਨੇ ਕਿਹਾ। ਉਹ ਰਿੱਛ ਦੇ ਕੋਲੋਂ ਛਾਲ ਮਾਰ ਕੇ ਅੱਗੇ ਭੱਜ ਗਿਆ। ਹੁਣ ਰਿੱਛ ਵੀ ਭੱਜਣ ਲੱਗਾ। ਇੱਕ ਗਿੱਦੜ ਨੇ ਉਸਨੂੰ ਬੁਲਾਇਆ, "ਭਰਾ ਰਿੱਛ! ਕੀ ਹੋਇਆ? ਤੂੰ ਕਿਉਂ ਭੱਜ ਰਿਹਾ ਹੈਂ?" ਰਿੱਛ ਨੇ ਵਾਪਸ ਚੀਕਿਆ, "ਧਰਤੀ ਪਾਟ ਰਹੀ ਹੈ! ਆਪਣੀ ਜਾਨ ਬਚਾਓ!" ਹੋਰ ਜਾਨਵਰ ਵੀ ਸ਼ਾਮਲ ਹੋ ਗਏ। ਗਿੱਦੜ ਤੋਂ ਬਾਅਦ ਬਾਈਸਨ (ਜੰਗਲੀ ਝੋਟਾ) ਆਇਆ। ਫਿਰ ਸੂਰ, ਗੈਂਡਾ, ਹਾਥੀ ਅਤੇ ਬਾਘ ਆਏ।



ਸ਼ੇਰ ਨੇ ਉਨ੍ਹਾਂ ਨੂੰ ਦੇਖਿਆ ਅਤੇ ਸੋਚਿਆ, "ਇਹ ਕੀ ਹੈ? ਬਾਘ ਅਤੇ ਹਿਰਨ, ਰਿੱਛ ਅਤੇ ਸੂਰ, ਗਿੱਦੜ ਅਤੇ ਖਰਗੋਸ਼ - ਸਾਰੇ ਇਕੱਠੇ ਭੱਜ ਰਹੇ ਹਨ?" "ਰੁਕੋ!" ਉਸਨੇ ਕਿਹਾ।



"ਤੁਸੀਂ ਸਾਰੇ ਕਿਉਂ ਭੱਜ ਰਹੇ ਹੋ?" ਬਾਘ ਕੋਲ ਜਵਾਬ ਦੇਣ ਲਈ ਬੱਸ ਇੰਨ੍ਹਾਂ ਕੁ ਸਾਹ ਸੀ, "ਧਰਤੀ ਪਾਟ ਰਹੀ ਹੈ! ਭੱਜੋ! ਭੱਜੋ!" "ਪਾਟ ਰਹੀ ਹੈ? ਧਰਤੀ?" ਸ਼ੇਰ ਨੇ ਸੋਚਿਆ। "ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ। ਇਹ ਜਾਨਵਰ ਉਲਝਣ ਵਿੱਚ ਹਨ। ਕਿਸੇ ਚੀਜ਼ ਨੇ ਉਨ੍ਹਾਂ ਨੂੰ ਡਰ ਵਿੱਚ ਪਾ ਦਿੱਤਾ ਹੈ.... ਮੈਨੂੰ ਇਸ ਨੂੰ ਰੋਕਣਾ ਪਵੇਗਾ!" ਫਿਰ ਉਹ ਗਰਜਿਆ। ਇੱਕ ਵਾਰ ਨਹੀਂ, ਦੋ ਵਾਰ ਨਹੀਂ, ਸਗੋਂ ਤਿੰਨ ਵਾਰ!"

ਅਤੇ ਅੰਤ ਵਿੱਚ ਭੱਜਦੇ ਜਾਨਵਰਾਂ ਦੀ ਭੀੜ ਰੁਕ ਗਈ। "ਤੁਹਾਨੂੰ ਕਿਸਨੇ ਕਿਹਾ ਕਿ ਧਰਤੀ ਪਾਟ ਰਹੀ ਹੈ?" ਸ਼ੇਰ ਨੇ ਉਨ੍ਹਾਂ ਨੂੰ ਪੁੱਛਿਆ। ਬਾਘ ਅੱਗੇ ਆਇਆ। "ਹਾਥੀ ਨੇ ਮੈਨੂੰ ਦੱਸਿਆ," ਉਸਨੇ ਕਿਹਾ। ਸ਼ੇਰ ਨੇ ਹਾਥੀ ਨੂੰ ਪੁੱਛਿਆ, "ਤੁਹਾਨੂੰ ਕਿਸਨੇ ਦੱਸਿਆ ਕਿ ਧਰਤੀ ਪਾਟ ਰਹੀ ਹੈ?" "ਗੈਂਡੇ ਨੇ ਮੈਨੂੰ ਦੱਸਿਆ," ਹਾਥੀ ਨੇ ਕਿਹਾ। ਫਿਰ ਗੈਂਡੇ, ਸੂਰ, ਬਾਈਸਨ, ਗਿੱਦੜ, ਰਿੱਛ ਅਤੇ ਹਿਰਨ ਨੇ ਇੱਕ ਦੂਜੇ ਦਾ ਨਾਮ ਲਿਆ। ਹੁਣ ਖਰਗੋਸ਼ ਦੀ ਵਾਰੀ ਸੀ। "ਹਾਂ!" ਉਸਨੇ ਕਿਹਾ। "ਮੈਂ ਖੁਦ ਧਰਤੀ ਦੇ ਪਾਟਣ ਦੀ ਆਵਾਜ਼ ਸੁਣੀ ਹੈ!" "ਇਹ ਕਿੱਥੇ ਸੀ?" ਸ਼ੇਰ ਨੇ ਪੁੱਛਿਆ। "ਮੈਨੂੰ ਉਹ ਜਗ੍ਹਾ ਦਿਖਾਓ ਜਿੱਥੇ ਤੁਸੀਂ ਆਵਾਜ਼ ਸੁਣੀ ਸੀ।" ਖਰਗੋਸ਼ ਪਾਲਮੀਰਾ ਦੇ ਰੁੱਖ ਵੱਲ ਲੈ ਗਿਆ। ਅਤੇ ਉੱਥੇ ਸਾਰਿਆਂ ਦੇ ਦੇਖਣ ਲਈ ਬੇਲ ਦਾ ਫਲ ਸੀ ਜੋ ਡਿੱਗਿਆ ਸੀ ਅਤੇ ਪਾਟ ਗਿਆ ਸੀ। ਬਸ ਉਦੋਂ ਹੀ, ਇੱਕ ਹੋਰ ਬੇਲ ਫਲ ਪਾਲਮੀਰਾ ਦੀਆਂ ਪੱਤੀਆਂ ਵਿੱਚੋਂ ਹੁੰਦਾ ਹੋਇਆ ਜ਼ਮੀਨ 'ਤੇ ਡਿੱਗਿਆ। ਇਹ 'ਕੜਾਕ' ਦੀ ਆਵਾਜ਼ ਨਾਲ ਪਾਟ ਗਿਆ। "ਇਹ ਉਹ ਆਵਾਜ਼ ਹੈ ਜੋ ਖਰਗੋਸ਼ ਨੇ ਸੁਣੀ ਸੀ," ਸ਼ੇਰ ਹੱਸਿਆ। ਖਰਗੋਸ਼ ਵੀ ਉਸ ਨਾਲ ਹੱਸਿਆ। ਫਿਰ ਬਾਕੀ ਸਾਰੇ ਜਾਨਵਰ ਵੀ ਸ਼ਾਮਲ ਹੋ ਗਏ। "ਮਜ਼ਾਕ ਸਾਡੇ 'ਤੇ ਹੀ ਹੋਇਆ!" ਉਨ੍ਹਾਂ ਨੇ ਇੱਕ ਦੂਜੇ ਨੂੰ ਕਿਹਾ, ਅਤੇ ਹੱਸਦੇ ਰਹੇ।

(ਜਾਤਕ ਕਹਾਣੀਆਂ)




© Katha Jharna 2008

P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

54

ਕੁਦਰਤ ਦੇ ਕਰਿਸ਼ਮੇ



ਬਹੁਤ ਹੀ ਖ਼ੂਬਸੂਰਤ ਦਿਨ ਸੀ। ਖੇਤ ਵਿੱਚ ਗਰਮ ਹਵਾ ਵੱਗ ਰਹੀ ਸੀ। ਕਿਸਾਨ ਨੇ ਆਪਣੀ ਦਾਤਰੀ (scythe) ਹੇਠਾਂ ਰੱਖ ਦਿੱਤੀ ਅਤੇ ਬਦਾਮ ਦੇ ਦਰੱਖਤ ਦੀ ਛਾਂ ਹੇਠ ਬੈਠ ਗਿਆ। ਉਹ ਹਰੀ-ਭਰੀ ਉੱਗ ਰਹੀ ਫ਼ਸਲ ਨੂੰ ਖੁਸ਼ੀ ਨਾਲ ਦੇਖ ਰਿਹਾ ਸੀ। "ਵਾਹ, ਇਹ ਤਾਂ ਤਰਬੂਜ ਦਾ ਬਹੁਤ ਪਿਆਰਾ ਖੇਤ ਹੈ!" ਉਸਨੇ ਆਪਣੇ ਆਪ ਨੂੰ ਕਿਹਾ। "ਉਨ੍ਹਾਂ ਪੱਕੇ ਹੋਏ ਫਲਾਂ ਨੂੰ ਦੇਖੋ। ਇੱਕ-ਦੋ ਦਿਨਾਂ ਵਿੱਚ ਇਹ ਬਹੁਤ ਵੱਡੇ ਹੋ ਜਾਣਗੇ!"

ਇੱਕ ਗਿਲਹਰੀ ਉਸ 'ਤੇ ਚੀਕੀ। ਉਸਨੇ ਬਦਾਮ ਦੇ ਦਰੱਖਤ ਦੀਆਂ ਟਾਹਣੀਆਂ ਵੱਲ ਦੇਖਿਆ। ਇੱਥੇ-ਉੱਥੇ ਉਹ ਬਦਾਮ ਦੇ ਲਟਕਦੇ ਹੋਏ ਫਲ ਦੇਖ ਸਕਦਾ ਸੀ। ਅਚਾਨਕ ਉਹ ਹੱਸਣ ਲੱਗਾ। ਉਸਨੇ, ਤਰਬੂਜ ਨੂੰ ਕਿਹਾ, "ਕੁਦਰਤ ਮਾਂ ਤੈਨੂੰ ਸਿਰਫ ਇੱਕ ਪਤਲੀ ਵੇਲ ਦਿੰਦੀ ਹੈ, ਪਰ ਛੋਟੇ ਜਿਹੇ ਬਦਾਮ ਨੂੰ ਉਹ ਇਹ ਵੱਡਾ, ਮਜ਼ਬੂਤ ਦਰੱਖਤ ਦਿੰਦੀ ਹੈ!"

ਉਸਨੇ ਜ਼ੋਰ ਦੇਣ ਲਈ ਤਣੇ ਨੂੰ ਥਪਥਪਾਇਆ।



ਅਚਾਨਕ, ਬਦਾਮਾਂ ਵਿੱਚੋਂ ਇੱਕ ਬਦਾਮ ਸਿੱਧਾ ਉਸਦੇ ਸਿਰ 'ਤੇ ਆ ਡਿੱਗਿਆ! ਕਿਸਾਨ ਹੈਰਾਨ ਹੋ ਕੇ ਬੈਠ ਗਿਆ। ਫਿਰ ਉਹ ਉੱਚੀ ਬੋਲਿਆ, " ਜੇ ਬਦਾਮ ਦੇ ਦਰੱਖਤ ਦਾ ਫਲ ਤਰਬੂਜ ਜਿੰਨਾ ਵੱਡਾ ਹੁੰਦਾ, ਤਾਂ ਇਹ ਮੇਰਾ ਅੰਤ ਹੁੰਦਾ! ਕਿੰਨ੍ਹਾਂ ਵਧੀਆ ਬਚਾਅ ਹੋਇਆ ਹੈ!"

ਉਸਨੇ ਕੁਦਰਤ ਦੇ ਰਹੱਸ 'ਤੇ ਵਿਚਾਰ ਕਰਦੇ ਹੋਏ, ਦਰੱਖਤ ਦੇ ਹੇਠਾਂ ਕੁਝ ਦੇਰ ਆਰਾਮ ਕੀਤਾ।

ਈਰਾਨ ਦੀ ਇੱਕ ਕਹਾਣੀ





ਮੁਸਾਫਿਰ ਅਤੇ ਨਾਰੀਅਲ -

ਮਾਰਕੋਸ ਕਿਸਾਨਾਂ ਦੀ ਮੰਡੀ ਵਿੱਚ ਨਾਰੀਅਲ ਦੀ ਇੱਕ ਗੱਡੀ ਲੈ ਕੇ ਜਾ ਰਿਹਾ ਸੀ। ਉਹ ਬਹੁਤ ਜਲਦੀ ਵਿੱਚ ਸੀ। ਜਦੋਂ ਉਸਨੇ ਗਲੀ ਵਿੱਚ ਇੱਕ ਲੜਕੇ ਨੂੰ ਦੇਖਿਆ, ਤਾਂ ਉਸਨੇ ਆਪਣਾ ਘੋੜਾ ਰੋਕਿਆ ਅਤੇ ਪੁੱਛਿਆ, "ਮੈਨੂੰ ਮੰਡੀ ਤੱਕ ਪਹੁੰਚਣ ਵਿੱਚ ਕਿੰਨਾ ਸਮਾਂ ਲੱਗੇਗਾ?"

ਲੜਕੇ ਨੇ ਘੋੜੇ ਦੀ ਪਿੱਠ 'ਤੇ ਪਏ ਨਾਰੀਅਲਾਂ ਵੱਲ ਧਿਆਨ ਨਾਲ ਦੇਖਿਆ। ਫਿਰ ਉਹ ਬੋਲਿਆ, "ਜੇ ਤੁਸੀਂ ਤੇਜ਼ ਗਏ, ਤਾਂ ਤੁਹਾਨੂੰ ਬਹੁਤ ਸਮਾਂ ਲੱਗੇਗਾ। ਪਰ ਜੇ ਤੁਸੀਂ ਹੌਲੀ ਗਏ, ਤਾਂ ਤੁਸੀਂ ਜਲਦੀ ਪਹੁੰਚ ਜਾਓਗੇ।"

ਮਾਰਕੋਸ ਨੇ ਲੜਕੇ ਵੱਲ ਘੂਰਿਆ। "ਇਹ ਵਿਚਾਰਾ ਬੱਚਾ ਜ਼ਰੂਰ ਪਾਗਲ ਹੋ ਗਿਆ ਹੈ!" ਉਸਨੇ ਸੋਚਿਆ। ਆਪਣੇ ਘੋੜੇ ਨੂੰ ਤੇਜ਼ ਭਜਾਉਂਦੇ ਹੋਏ, ਉਹ ਅੱਗੇ ਵਧਿਆ। ਨਾਰੀਅਲ ਘੋੜੇ ਦੀ ਪਿੱਠ ਤੋਂ ਉਛਲ ਕੇ ਜ਼ਮੀਨ 'ਤੇ ਡਿੱਗਣ ਲੱਗੇ!



ਵਿਚਾਰੇ ਮਾਰਕੋਸ ਨੇ ਘੋੜਾ ਰੋਕਿਆ ਅਤੇ ਡਿੱਗੇ ਹੋਏ ਫਲ ਇਕੱਠੇ ਕਰਨ ਲਈ ਦੌੜਿਆ। ਉਨ੍ਹਾਂ ਨੂੰ ਜਲਦੀ ਨਾਲ ਬੰਨ੍ਹ ਕੇ, ਉਹ ਅੱਗੇ ਵਧਿਆ। ਓਹ! ਹੋਰ ਨਾਰੀਅਲ ਹੇਠਾਂ ਡਿੱਗ ਪਏ! ਉਹ ਹਰ ਦਿਸ਼ਾ ਵਿੱਚ ਰੁੜ੍ਹ ਗਏ। ਮਾਰਕੋਸ ਨੇ ਘੋੜਾ ਰੋਕਿਆ। ਉਸਨੇ ਡਿੱਗੇ ਹੋਏ ਫਲ ਇਕੱਠੇ ਕੀਤੇ। ਦੁਬਾਰਾ ਉਸਨੇ ਉਨ੍ਹਾਂ ਨੂੰ ਘੋੜੇ ਦੀ ਪਿੱਠ 'ਤੇ ਬੰਨ੍ਹਿਆ। ਹੁਣ ਉਸਨੇ ਘੋੜੇ ਨੂੰ ਦੌੜਾਉਣਾ ਸ਼ੁਰੂ ਕਰ ਦਿੱਤਾ, ਘੋੜੇ ਦੀ ਰੱਸੀ ਨੂੰ ਜ਼ੋਰ ਨਾਲ ਖਿੱਚਿਆ। ਪਰ ਘੋੜਾ ਪਿਛਲੀਆਂ ਲੱਤਾਂ 'ਤੇ ਖੜ੍ਹਾ ਹੋ ਗਿਆ ਅਤੇ ਸਾਰੇ ਨਾਰੀਅਲ ਉਸਦੀ ਪਿੱਠ ਤੋਂ ਡਿੱਗ ਗਏ!

ਮਾਰਕੋਸ ਰੋਣ ਵਾਲਾ ਹੋ ਗਿਆ। ਉਹ ਕੁਝ ਸਮੇਂ ਲਈ ਲੜਕੇ ਦੇ ਸ਼ਬਦਾਂ ਬਾਰੇ ਸੋਚਣ ਲੱਗਾ। "ਮੈਂ ਸਮਝ ਗਿਆ!" ਉਸਨੇ ਕਿਹਾ। ਸਾਰੇ ਨਾਰੀਅਲ ਘੋੜੇ ਦੀ ਪਿੱਠ 'ਤੇ ਮਜ਼ਬੂਤੀ ਨਾਲ ਬੰਨ੍ਹ ਕੇ, ਉਹ ਹੁਣ ਉਸਨੂੰ ਹੌਲੀ-ਹੌਲੀ ਲੈ ਕੇ ਗਿਆ। ਯਕੀਨਨ, ਉਹ ਮੰਡੀ ਬੰਦ ਹੋਣ ਤੋਂ ਪਹਿਲਾਂ ਹੀ ਪਹੁੰਚ ਗਿਆ।

ਸਾਰੇ ਫਲ ਵੇਚਣ ਤੋਂ ਬਾਅਦ, ਮਾਰਕੋਸ ਨੇ ਆਪਣੇ ਘੋੜੇ ਨੂੰ ਇੱਕ ਵਧੀਆ ਸੇਬ ਖੁਆਇਆ। ਫਿਰ ਉਹ ਖੁਸ਼ੀ-ਖੁਸ਼ੀ ਘਰ ਲਈ ਨਿਕਲ ਪਿਆ।

ਫਿਲੀਪੀਨ ਦੀ ਇੱਕ ਲੋਕ ਕਹਾਣੀ



Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy

ਕਦੇ ਨਾ ਦੇਣ ਵਾਲਾ ਅਤੇ ਕਦੇ ਨਾ ਖਰਚਣ ਵਾਲਾ

ਨਦੀ ਦੇ ਕੰਢੇ ਇੱਕ ਪਿੰਡ ਵਿੱਚ ਦੋ ਗੁਆਂਢੀ ਰਹਿੰਦੇ ਸਨ ਜੋ ਹਮੇਸ਼ਾ ਲੜਦੇ ਰਹਿੰਦੇ ਸਨ। ਜਾਇਦਾਦ ਜਾਂ ਪੈਸੇ ਜਾਂ ਅਜਿਹੀ ਕਿਸੇ ਚੀਜ਼ 'ਤੇ ਨਹੀਂ। ਉਹ ਇੱਕ ਦੂਜੇ ਨਾਲੋਂ ਇੰਨੇ ਵੱਖਰੇ ਸਨ ਕਿ ਉਹਨਾਂ ਦਾ ਆਪਸ ਵਿੱਚ ਨਿਭਣਾ ਮੁਸ਼ਕਲ ਸੀ। ਇੱਕ ਗੁਆਂਢੀ ਕਿਸੇ ਦੀ ਮਦਦ ਲਈ ਇੱਕ ਪੈਸਾ ਵੀ ਨਹੀਂ ਸੀ ਦਿੰਦਾ। ਦੂਜਾ ਗੁਆਂਢੀ ਆਪਣੇ ਆਪ ਦੀ ਮਦਦ ਕਰਨ ਲਈ ਵੀ ਇੱਕ ਪੈਸਾ ਖਰਚਣ ਤੋਂ ਨਫ਼ਰਤ ਕਰਦਾ ਸੀ। ਉਹ ਚੀਜ਼ਾਂ ਉਧਾਰ ਲੈਣਾ ਪਸੰਦ ਕਰਦਾ ਸੀ। ਪਿੰਡ ਵਾਲਿਆਂ ਨੇ ਉਹਨਾਂ ਨੂੰ ਉਪਨਾਮ ਦਿੱਤੇ ਹੋਏ ਸਨ। ਉਹ ਪਹਿਲੇ ਗੁਆਂਢੀ ਨੂੰ "ਨੇਵਰਲੈਂਡ" (ਕਦੇ ਨਾ ਦੇਣ ਵਾਲਾ) ਅਤੇ ਦੂਜੇ ਨੂੰ "ਨੇਵਰਸਪੈਂਡ" (ਕਦੇ ਨਾ ਖਰਚਣ ਵਾਲਾ) ਕਹਿੰਦੇ ਸਨ।

ਇੱਕ ਬਰਸਾਤੀ ਦਿਨ, ਨੇਵਰਲੈਂਡ ਘਰ ਆ ਰਿਹਾ ਸੀ ਜਦੋਂ ਨੇਵਰਸਪੈਂਡ ਬਾਹਰ ਜਾ ਰਿਹਾ ਸੀ। ਨੇਵਰਸਪੈਂਡ ਨੇ ਕਿਹਾ, "ਗੁਆਂਢੀ, ਮੈਨੂੰ ਆਪਣੀ ਛੱਤਰੀ ਉਧਾਰ ਦੇ ਦਿਓ, ਕਿਉਂਕਿ ਮੇਰੇ ਕੋਲ ਆਪਣੀ ਕੋਈ ਛੱਤਰੀ ਨਹੀਂ ਹੈ।"





ਪਰ ਨੇਵਰਲੈਂਡ ਨੇ ਕਿਹਾ, "ਮੇਰੇ ਪਿਆਰੇ ਦੋਸਤ! ਜੇ ਮੈਂ ਤੈਨੂੰ ਆਪਣੀ ਛੱਤਰੀ ਉਧਾਰ ਦੇ ਦਿੱਤੀ, ਤਾਂ ਤੂੰ ਆਪਣੇ ਲਈ ਕਦੇ ਨਹੀਂ ਖਰੀਦੇਗਾ। ਤੂੰ ਉਦੋਂ ਤੱਕ ਛੱਤਰੀਆਂ ਉਧਾਰ ਲੈਂਦਾ ਰਹੇਗਾ ਜਦੋਂ ਤੱਕ ਤੂੰ ਘਰੋਂ ਨਿਕਲਣ ਲਈ ਬਹੁਤ ਬੁੱਢਾ ਅਤੇ ਕਮਜ਼ੋਰ ਨਹੀਂ ਹੋ ਜਾਂਦਾ!"

ਨੇਵਰਸਪੈਂਡ ਫਿਰ ਖਰੀਦਦਾਰੀ ਕਰਨ ਗਿਆ। ਉਹ ਪੂਰੀ ਤਰ੍ਹਾਂ ਭਿੱਜ ਗਿਆ। ਪਰ ਉਸਨੇ ਛੱਤਰੀ ਨਹੀਂ ਖਰੀਦੀ!

ਇੱਕ ਹੋਰ ਵਾਰ, ਦੋਵੇਂ ਇੱਕ ਦੂਜੇ ਨੂੰ ਡਾਕਖਾਨੇ ਵਿੱਚ ਮਿਲੇ। ਨੇਵਰਸਪੈਂਡ ਇੱਕ ਚਿੱਠੀ ਲਿਖਣਾ ਚਾਹੁੰਦਾ ਸੀ। ਉਸਨੇ ਨੇਵਰਲੈਂਡ ਤੋਂ ਕਲਮ ਮੰਗੀ। ਪਰ ਉਹ ਨੇਵਰਲੈਂਡ - ਕੀ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਸਨੇ ਕੀ ਕਿਹਾ? "ਪਿਆਰੇ ਗੁਆਂਢੀ, ਜੇ ਮੈਂ ਤੈਨੂੰ ਚੀਜ਼ਾਂ ਉਧਾਰ ਦਿੰਦਾ ਰਿਹਾ, ਤਾਂ ਤੇਰਾ ਸੁਭਾਅ ਕਦੇ ਨਹੀਂ ਸੁਧਰੇਗਾ! ਘਰ ਜਾਓ ਅਤੇ ਆਪਣੀ ਖੁਦ ਦੀ ਕਲਮ ਵਾਪਸ ਲਿਆਓ!"

ਨੇਵਰਸਪੈਂਡ ਨੇ ਕਿਸੇ ਹੋਰ ਦੀ ਕਲਮ ਉਧਾਰ ਲੈ ਲਈ। "ਉਹ ਕੰਜੂਸ ਨੇਵਰਲੈਂਡ!" ਉਸਨੇ ਆਪਣੇ ਆਪ ਨੂੰ ਕਿਹਾ। "ਮੈਂ ਕਿਸੇ ਦਿਨ ਉਸਨੂੰ ਸਬਕ ਸਿਖਾਵਾਂਗਾ!"

ਉਸਦਾ ਮੌਕਾ ਬਹੁਤ ਜਲਦੀ ਆ ਗਿਆ। ਉਹ ਦੋਵੇਂ ਅਗਲੇ ਪਿੰਡ ਜਾ ਰਹੇ ਸਨ। ਜਿਵੇਂ ਹੀ ਉਹ ਨਦੀ ਦੇ ਪੁਲ ਨੂੰ ਪਾਰ ਕਰ ਰਹੇ ਸਨ, 'ਨੈਵਰਲੈਂਡ' ਦਾ ਪੈਰ ਫਿਸਲਿਆ ਅਤੇ ਉਹ ਡਿੱਗ ਪਿਆ। ਉਹ ਸਿੱਧਾ ਪਾਣੀ ਵਿੱਚ ਜਾ ਡਿੱਗਿਆ!

"ਬਚਾਓ! ਬਚਾਓ!" ਉਹ ਚੀਕਿਆ। "ਮੈਨੂੰ ਤੈਰਨਾ ਨਹੀਂ ਆਉਂਦਾ!"

ਕਮਾਲ ਹੈ ਉਸ 'ਨੈਵਰਸਪੈਂਡ' ਦੀ! ਦੇਖੋ ਉਸਨੇ ਕੀ ਕਿਹਾ: "ਮੇਰੇ ਪਿਆਰੇ ਨੈਵਰਲੈਂਡ! ਜੇ ਮੈਂ ਤੈਨੂੰ ਬਚਾਇਆ, ਤਾਂ ਤੂੰ ਕਦੇ ਵੀ ਤੈਰਨਾ ਨਹੀਂ ਸਿੱਖੇਗਾ! ਇਹ ਤੇਰੇ ਆਪਣੇ ਭਲੇ ਲਈ ਹੈ ਕਿ ਮੈਂ ਮਨ੍ਹਾ ਕਰ ਰਿਹਾ ਹਾਂ!"

ਅਤੇ ਆਪਣੇ ਗੁਆਂਢੀ ਨੂੰ ਪਾਣੀ ਵਿੱਚ ਛੱਡ ਕੇ, ਨੈਵਰਸਪੈਂਡ ਤੁਰ ਪਿਆ!



ਨੈਵਰਸਪੈਂਡ ਦੇ ਸ਼ਬਦਾਂ ਨੇ ਨੈਵਰਲੈਂਡ ਦੇ ਦਿਲ ਨੂੰ ਡੂੰਘੀ ਸੱਟ ਮਾਰੀ। ਉਸਨੇ ਉਹਨਾਂ ਵਿੱਚ ਆਪਣੀ ਹੀ ਆਵਾਜ਼ ਸੁਣੀ। ਹੁਣ ਉਸਨੇ ਨੈਵਰਸਪੈਂਡ ਤੋਂ ਮੁਆਫੀ ਮੰਗੀ। "ਮੈਨੂੰ ਮੁਆਫ ਕਰ ਦਿਓ!" ਉਹ ਚੀਕਿਆ। "ਮੈਂ ਤੁਹਾਨੂੰ ਬਹੁਤ ਵਾਰ ਲੈਕਚਰ ਦਿੱਤੇ ਹਨ। ਮੈਂ ਇਹ ਫਿਰ ਕਦੇ ਨਹੀਂ ਕਰਾਂਗਾ! ਕਿਰਪਾ ਕਰਕੇ ਮੈਨੂੰ ਡੁੱਬਣ ਨਾ ਦਿਓ!"

ਤੁਰੰਤ, ਨੈਵਰਸਪੈਂਡ ਨੇ ਪਾਣੀ ਵਿੱਚ ਗੋਤਾ ਲਾਇਆ। ਉਸਨੇ ਆਪਣੇ ਗੁਆਂਢੀ ਨੂੰ ਫੜ ਲਿਆ ਅਤੇ ਨਦੀ ਦੇ ਕੰਢੇ ਖਿੱਚ ਲਿਆਇਆ। ਉਹ ਉਸਨੂੰ ਘਰ ਲੈ ਆਇਆ ਅਤੇ ਪਹਿਨਣ ਲਈ ਸਾਫ਼ ਕੱਪੜੇ ਦਿੱਤੇ। ਉਸਨੇ ਉਸਦੇ ਲਈ ਚਾਹ ਬਣਾਈ। ਫਿਰ ਉਸਨੇ ਖੁਦ ਵੀ ਸਾਫ਼ ਕੱਪੜੇ ਪਾ ਲਏ। ਦੋਵੇਂ ਬਾਹਰ ਸੂਰਜ ਦੀਆਂ ਕਿਰਨਾ ਦਾ ਅਨੰਦ ਲੈਣ ਲੱਗੇ।

ਜਲਦੀ ਹੀ ਦੋਵੇਂ ਗੁਆਂਢੀ ਪੱਕੇ ਦੋਸਤ ਬਣ ਗਏ। ਜੇ ਉਹ ਝਗੜਦੇ ਵੀ, ਤਾਂ ਹਮੇਸ਼ਾ ਮਜ਼ਾਕ ਵਿੱਚ। ਹੌਲੀ-ਹੌਲੀ ਉਹ ਦੋਵੇਂ ਬਦਲਣ ਲੱਗੇ। ਅਤੇ ਇੱਕ ਦਿਨ, ਦੂਜੇ ਪਿੰਡ ਵਾਲਿਆਂ ਨੇ ਉਹਨਾਂ ਨੂੰ ਉਹਨਾਂ ਦੇ ਅਸਲ ਨਾਮ, ਮੁਰੂਗਨ ਅਤੇ ਕੰਧਨ (Murugan and Kandhan) ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ।

ਤਮਿਲਨਾਡੂ ਦੀ ਇੱਕ ਕਹਾਣੀ।



Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy


ਗੁੰਮਸ਼ੁਦਾ ਚੰਨ

ਨਿੱਕੀ ਕੰਨਮਾ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਸਨੇ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ।

"ਏਨੀ ਉਦਾਸ ਨਾ ਹੋ, ਕੰਨਮਾ!" ਉਸਦੇ ਪਿਤਾ ਨੇ ਨਰਮੀ ਨਾਲ ਕਿਹਾ। "ਮੈਂ ਤੇਰੇ ਜਨਮਦਿਨ ਤੋਂ ਪਹਿਲਾਂ ਵਾਪਸ ਆ ਜਾਵਾਂਗਾ!" ਪਰ ਕੰਨਮਾ ਨੇ ਮੂੰਹ ਨਾ ਫੇਰਿਆ।

"ਦੇਖ! ਚੰਨ ਮੰਦਰ ਦੇ ਸਿਖਰ ਪਿੱਛੇ ਚਮਕ ਰਿਹਾ ਹੈ!" ਉਸਨੇ ਕਿਹਾ। "ਦੇਖੋ ਅੱਜ ਰਾਤ ਇਹ ਕਿੰਨਾ ਸੋਹਣਾ ਗੋਲ ਹੈ। ਜਲਦੀ ਹੀ ਇਹ ਆਪਣੀ ਵਧੀਆ ਗੋਲ ਸ਼ਕਲ ਗੁਆ ਦੇਵੇਗਾ। ਇਹ ਛੋਟਾ ਦਿਖਾਈ ਦੇਣ ਲੱਗੇਗਾ। ਅਖੀਰ ਵਿੱਚ ਇਹ ਇੱਕ ਪਤਲਾ ਅੱਧ ਚੰਨ ਬਣ ਜਾਵੇਗਾ। ਫਿਰ ਇਹ ਬਿਲਕੁਲ ਗਾਇਬ ਹੋ ਜਾਵੇਗਾ।"

ਇਹ ਦਿਲਚਸਪ ਲੱਗ ਰਿਹਾ ਸੀ! ਕੰਨਮਾ ਨੇ ਦੇਖਣ ਲਈ ਮੂੰਹ ਫੇਰਿਆ ਅਤੇ ਉਸਦੇ ਹੰਝੂ ਨਰਮ ਚਾਂਦਨੀ ਵਿੱਚ ਚਮਕਣ ਲੱਗੇ। ਓਹ, ਚੰਨ ਕਿੰਨਾ ਸੁੰਦਰ ਸੀ! ਉਸਦੇ ਪਿਤਾ ਨੇ ਜਲਦੀ ਹੀ ਅੱਗੇ ਕਿਹਾ, "ਚੰਨ ਫਿਰ ਵਧੇਗਾ, ਹੌਲੀ-ਹੌਲੀ, ਜਦੋਂ ਤੱਕ ਇਹ ਆਪਣੀ ਪਿਆਰੀ ਗੋਲ ਸ਼ਕਲ ਵਾਪਸ ਨਹੀਂ ਪਾ ਲੈਂਦਾ! ਅਤੇ ਉਦੋਂ ਤੇਰਾ ਜਨਮਦਿਨ ਆਵੇਗਾ!"



"ਕੀ ਤੈਨੂੰ ਪਤਾ ਹੈ," ਉਸਦੇ ਪਿਤਾ ਨੇ ਉਸਨੂੰ ਖੁਸ਼ ਕਰਨ ਲਈ ਕਿਹਾ, "ਕਿ ਲੋਕ ਕੈਲੰਡਰ ਬਣਾਉਣ ਲਈ ਚੰਨ ਦੀ ਸ਼ਕਲ ਦੀ ਵਰਤੋਂ ਕਰਦੇ ਹਨ? ਅਸਲ ਵਿੱਚ, 'ਮਹੀਨਾ' ਸ਼ਬਦ 'ਚੰਨ' ਤੋਂ ਆਇਆ ਹੈ! ਸ਼ਾਇਦ ਸਾਨੂੰ 'ਮੂਨਥ' ਕਹਿਣਾ ਸ਼ੁਰੂ ਕਰਨਾ ਚਾਹੀਦਾ ਹੈ।"


ਕੰਨਮਾ ਮੁਸਕਰਾ ਪਈ! "ਜਦੋਂ ਮੈਂ ਚਲਾ ਜਾਵਾਂ ਤਾਂ ਤੁਸੀਂ ਚੰਨ ਦਾ ਕੈਲੰਡਰ ਕਿਉਂ ਨਹੀਂ ਬਣਾਉਂਦੇ?" ਉਸਦੇ ਪਿਤਾ ਨੇ ਪੁੱਛਿਆ। "ਇੱਥੇ ਦੱਸਿਆ ਗਿਆ ਹੈ ਕਿ ਤੁਹਾਨੂੰ ਕੀ ਕਰਨਾ ਹੈ। ਕੰਧ 'ਤੇ ਇੱਕ ਗਰਿੱਡ (ਖਾਨੇ) ਬਣਾਓ। ਇਹ ਇੱਕ ਕੈਲੰਡਰ ਦੇ ਪੰਨੇ ਵਰਗਾ ਲੱਗੇਗਾ। ਗਰਿੱਡ ਦੇ ਪਹਿਲੇ ਖਾਨੇ ਵਿੱਚ, ਚੰਨ ਦੀ ਤਸਵੀਰ ਬਣਾਓ ਜਿਵੇਂ ਉਹ ਅੱਜ ਰਾਤ ਦਿਖਾਈ ਦੇ ਰਿਹਾ ਹੈ, ਗੋਲ ਅਤੇ ਸੰਪੂਰਨ।"

"ਹਰ ਰਾਤ, ਚੰਨ ਦੀ ਸ਼ਕਲ ਦੇਖੋ। ਇਹ ਕੱਲ੍ਹ ਰਾਤ ਨਾਲੋਂ ਥੋੜਾ ਵੱਖਰਾ ਹੋਵੇਗਾ। ਦੂਜੇ ਖਾਨੇ ਵਿੱਚ ਨਵੀਂ ਸ਼ਕਲ ਬਣਾਓ। ਚੰਨ ਦੀ ਹਰ ਰਾਤ ਇੱਕ ਨਵੀਂ ਸ਼ਕਲ ਹੋਵੇਗੀ। ਖਾਨਿਆਂ ਨੂੰ ਨਵੀਆਂ ਸ਼ਕਲਾਂ ਨਾਲ ਭਰਦੇ ਰਹੋ। ਮੈਂ ਤੁਹਾਡਾ ਕੈਲੰਡਰ ਪੂਰਾ ਹੋਣ ਤੋਂ ਬਹੁਤ ਪਹਿਲਾਂ ਵਾਪਸ ਆ ਜਾਵਾਂਗਾ!" ਉਸਨੇ ਵਾਅਦਾ ਕੀਤਾ।

ਰੇਲਗੱਡੀ ਆਉਂਦੀ ਹੈ। ਕੰਨਮਾ ਦੇ ਪਿਤਾ ਸਵਾਰ ਹੋ ਜਾਂਦੇ ਹਨ। ਦੇਖੋ! ਕੰਨਮਾ ਖੁਸ਼ੀ ਨਾਲ ਹੱਥ ਹਿਲਾ ਰਹੀ ਹੈ। ਉਸਦੇ ਪਿਤਾ ਨੇ ਵੀ ਹੱਥ ਹਿਲਾਇਆ, ਪਿਤਾ ਨੂੰ ਦਿਲਾਸਾ ਮਿਲਿਆ।

ਕੰਨਮਾ ਦਾ ਨਵਾਂ ਪ੍ਰੋਜੈਕਟ ਚੁਣੌਤੀਪੂਰਨ ਸੀ। ਪਹਿਲਾਂ ਇੱਕ ਗਰਿੱਡ ਬਣਾਉਣਾ ਸੀ! ਗੁਆਂਢੀ ਦਾ ਮੁੰਡਾ, ਥੰਬੀ, ਮਦਦ ਕਰਨ ਲਈ ਉਤਸੁਕ ਸੀ। ਉਨ੍ਹਾਂ ਨੇ ਮਿਲ ਕੇ ਗਰਿੱਡ ਬਣਾਈ।

ਕੰਨਮਾ ਬੇਸਬਰੀ ਨਾਲ ਰਾਤ ਹੋਣ ਦਾ ਇੰਤਜ਼ਾਰ ਕਰਦੀ ਸੀ ਅਤੇ ਮੰਦਰ ਦੇ ਸਿਖਰ ਤੋਂ ਉੱਪਰ ਦੇਖਦੀ ਰਹਿੰਦੀ ਸੀ। ਅਖੀਰ ਵਿੱਚ, ਇੱਕ ਲੰਬੇ ਇੰਤਜ਼ਾਰ ਤੋਂ ਬਾਅਦ, ਚੰਨ ਉੱਥੇ ਸੀ!



ਪਰ ਬੱਸ ਇੱਕ ਮਿੰਟ! ਇਹ ਅਜੇ ਵੀ ਗੋਲ ਲੱਗ ਰਿਹਾ ਸੀ! ਕੰਨਮਾ ਬਹੁਤ ਨਿਰਾਸ਼ ਹੋ ਗਈ। ਉਸਨੇ ਦੁਬਾਰਾ ਉੱਪਰ ਵੱਲ ਦੇਖਿਆ। ਪਿਤਾ ਜੀ ਸਹੀ ਸਨ! ਇਹ ਪੂਰੀ ਤਰ੍ਹਾਂ ਗੋਲ ਨਹੀਂ ਸੀ!

ਕੰਨਮਾ ਨੇ ਆਪਣਾ ਚਾਕ ਚੁੱਕਿਆ ਅਤੇ ਕੰਧ ਵੱਲ ਭੱਜੀ । ਪਰ ਚੰਦਰਮਾ ਦਾ ਕਿਹੜਾ ਪਾਸਾ ਪੂਰੀ ਤਰ੍ਹਾਂ ਗੋਲ ਨਹੀਂ ਸੀ? ਉਹ ਭੁੱਲ ਗਈ ਸੀ। ਉਹ ਦੁਬਾਰਾ ਦੇਖਣ ਗਈ। ਹੁਣ ਉਸਨੂੰ ਪਤਾ ਲੱਗ ਗਿਆ! ਉਸਨੇ ਚੰਦਰਮਾ ਦੀ ਆਪਣੀ ਪਹਿਲੀ ਤਸਵੀਰ ਬਣਾਈ।

ਅਗਲੀ ਸ਼ਾਮ ਉਹ ਪ੍ਰੋਜੈਕਟ ਲਗਭਗ ਭੁੱਲ ਗਈ ਸੀ। ਫਿਰ ਥੰਬੀ ਭੱਜ ਕੇ ਆਇਆ। "ਚੰਦ ਹੋਰ ਸੁੰਗੜ ਗਿਆ ਹੈ! ਆਓ ਅਤੇ ਦੇਖੋ!"

ਉਸਨੇ ਬੁਲਾਇਆ। ਹਾਂ, ਇਹ ਸੁੰਗੜ ਗਿਆ ਸੀ! ਕੰਨਮਾ ਨੇ ਧਿਆਨ ਨਾਲ ਚੰਦਰਮਾ ਦੀ ਆਪਣੀ ਦੂਜੀ ਤਸਵੀਰ ਬਣਾਈ।

ਤੀਜੀ ਰਾਤ ਉਸਨੂੰ ਮੰਦਰ ਦੇ ਗੁੰਬਦ ਦੇ ਉੱਪਰ ਚੰਦ ਨਹੀਂ ਮਿਲਿਆ। ਉਹ ਹੈਰਾਨ ਸੀ। ਕੁਝ ਦੇਰ ਬਾਅਦ ਉਹ ਅੰਦਰ ਚਲੀ ਗਈ। ਸੌਣ ਤੋਂ ਠੀਕ ਪਹਿਲਾਂ ਉਹ ਦੁਬਾਰਾ ਬਾਹਰ ਗਈ, ਅਤੇ ਚੰਦ ਉੱਥੇ ਹੀ ਸੀ - ਇੱਕ ਰਾਤ ਪਹਿਲਾਂ ਨਾਲੋਂ ਥੋੜ੍ਹਾ ਛੋਟਾ!

ਰਹੱਸਮਈ ਚੰਦ! ਕੰਨਮਾ ਨੇ ਸੋਚ-ਸਮਝ ਕੇ ਚੰਦਰਮਾ ਦੀ ਆਪਣੀ ਤੀਜੀ ਤਸਵੀਰ ਬਣਾਈ। ਚੰਦਰਮਾ ਦਾ ਕੈਲੰਡਰ ਭਰ ਰਿਹਾ ਸੀ!

ਚੌਥੀ ਅਤੇ ਪੰਜਵੀਂ ਰਾਤ ਮੀਂਹ ਪਿਆ। ਦੁੱਖ ਦੀ ਗੱਲ ਹੈ ਕਿ ਗਰਿੱਡ ਵਿੱਚ ਦੋ ਵਰਗ ਖਾਲੀ ਛੱਡਣੇ ਪਏ। ਛੇਵੀਂ ਰਾਤ, ਅਸਮਾਨ ਸਾਫ਼ ਸੀ। ਜਦੋਂ ਕੰਨਮਾ ਬਾਹਰ ਗਈ, ਤਾਂ ਅਸਮਾਨ ਵਿੱਚ ਸੈਂਕੜੇ, ਨਹੀਂ, ਹਜ਼ਾਰਾਂ ਤਾਰੇ ਟਿਮਟਿਮਾ ਰਹੇ ਸਨ। ਪਰ ਚੰਦ ਉੱਥੇ ਨਹੀਂ ਸੀ! ਉਹ ਵਾਰ-ਵਾਰ ਦੇਖਣ ਗਈ। ਕੋਈ ਚੰਦ ਨਹੀਂ, ਕੋਈ ਚੰਦ ਨਹੀਂ, ਕੋਈ ਚੰਦ ਨਹੀਂ!

ਰਾਤ ਦੇ 11 ਵੱਜ ਚੁੱਕੇ ਸਨ। ਕੰਨਮਾ ਹੁਣ ਆਪਣੀਆਂ ਅੱਖਾਂ ਖੁੱਲ੍ਹੀਆਂ ਨਹੀਂ ਰੱਖ ਸਕੀ। ਉਸ ਰਾਤ ਉਸਨੇ ਸੁਪਨਾ ਦੇਖਿਆ ਕਿ ਇੱਕ ਦੈਂਤ ਚੰਦ ਨੂੰ ਚੁਰਾ ਕੇ ਲੈ ਗਿਆ ਹੈ। ਉਹ ਡਰ ਕੇ ਜਾਗ ਪਈ। ਚੰਦ ਕਿੱਥੇ ਗਿਆ?

ਕੀ ਚੰਦ ਕੱਲ੍ਹ ਵਾਪਸ ਆਵੇਗਾ?

ਚੰਦ ਨਹੀਂ ਆਇਆ! ਨਾ ਹੀ ਅਗਲੀ ਰਾਤ! ਸ਼ਾਇਦ ਚੰਨ ਸੱਚਮੁੱਚ ਚੋਰੀ ਹੋ ਗਿਆ ਸੀ! ਥੰਬੀ ਨੇ ਕਿਹਾ, "ਜਿਸਨੇ ਵੀ ਚੰਨ ਚੋਰੀ ਕੀਤਾ ਹੈ, ਉਹ ਜ਼ਰੂਰ ਵਾਪਸ ਕਰ ਦੇਵੇਗਾ। ਇਹ ਚੁੱਕ ਕੇ ਲਿਜਾਣ ਲਈ ਬਹੁਤ ਵੱਡਾ ਹੈ!"

ਬੇਵਕੂਫ ! ਕੰਨਮਾ ਆਪਣੇ ਆਪ ਵਿੱਚ ਹੱਸੀ। ਉਸ ਰਾਤ ਫਿਰ ਉਸਨੇ ਜਾਗਦੇ ਰਹਿਣ ਦੀ ਕੋਸ਼ਿਸ਼ ਕੀਤੀ। ਪਰ ਕੋਈ ਫਾਇਦਾ ਨਹੀਂ ਹੋਇਆ। ਚੰਨ ਨਜ਼ਰ ਨਹੀਂ ਆਇਆ! ਜਿਵੇਂ ਹੀ ਉਹ ਨੀਂਦ ਵਿੱਚ ਪਈ, ਉਸਨੇ ਆਪਣੀ ਮਾਂ ਦੀ ਆਵਾਜ਼ ਸੁਣੀ। "ਪਿਤਾ ਜੀ ਕੱਲ੍ਹ ਘਰ ਆਉਣਗੇ।" ਉਸਨੇ ਸੁਪਨਾ ਦੇਖਿਆ ਕਿ ਉਸਦੇ ਪਿਤਾ ਜੀ ਨੇ ਇੱਕ ਜਾਦੂਈ ਤਲਵਾਰ ਲਹਿਰਾਈ ਅਤੇ ਚੰਨ ਨੂੰ ਦੈਂਤ ਤੋਂ ਬਚਾ ਲਿਆ।

ਅਗਲੀ ਸਵੇਰ ਕੰਨਮਾ ਨੀਂਦ ਵਿੱਚ ਹੀ ਘਰੋਂ ਬਾਹਰ ਨਿਕਲੀ। ਠੰਢੀ ਹਵਾ ਨੇ ਉਸਨੂੰ ਪੂਰੀ ਤਰ੍ਹਾਂ ਜਗਾ ਦਿੱਤਾ ਅਤੇ ਉਸਨੇ ਅਸਮਾਨ ਵੱਲ ਦੇਖਿਆ। "ਮਾਂ!" ਉਹ ਉੱਚੀ ਬੋਲੀ। "ਚੰਨ ਵਾਪਸ ਆ ਗਿਆ ਹੈ! ਚੰਨ ਵਾਪਸ ਆ ਗਿਆ ਹੈ!" ਕੰਨਮਾ ਦੀ ਮਾਂ ਦੇਖਣ ਲਈ ਦਰਵਾਜ਼ੇ 'ਤੇ ਆਈ। "ਇਹ ਇੰਨਾ ਆਲਸੀ ਹੈ ਕਿ ਇਹ ਸਵੇਰੇ ਹੀ ਬਾਹਰ ਆਇਆ ਹੈ!" ਉਸਨੇ ਕਿਹਾ। ਉਹ ਦੋਵੇਂ ਹੱਸ ਪਏ। ਚੰਨ ਹੁਣ ਸਿਰਫ ਅੱਧਾ ਚੱਕਰ ਸੀ! ਅਤੇ ਇਹ ਮੰਦਰ ਦੇ ਟਾਵਰ ਦੇ ਉੱਪਰ ਨਹੀਂ, ਸਗੋਂ ਉਨ੍ਹਾਂ ਦੇ ਬਿਲਕੁਲ ਉੱਪਰ ਸੀ।

ਦੂਰੋਂ ਕੰਨਮਾ ਆਪਣੇ ਪਿਤਾ ਨੂੰ ਘਰ ਆਉਂਦੇ ਦੇਖ ਸਕਦੀ ਸੀ। ਜ਼ਿੰਦਗੀ ਸੰਪੂਰਨ ਸੀ। ਪਿਤਾ ਜੀ ਵਾਪਸ ਆ ਗਏ ਸਨ। ਚੰਨ ਮਿਲ ਗਿਆ ਸੀ। ਕੰਧ ਦਾ ਕੈਲੰਡਰ ਇੰਤਜ਼ਾਰ ਕਰ ਰਿਹਾ ਸੀ। ਕੰਨਮਾ ਦਾ ਮਨ ਤਸਵੀਰਾਂ ਅਤੇ ਸਵਾਲਾਂ ਨਾਲ ਭਰ ਗਿਆ। ਉਹ ਹੁਣ ਸਵੇਰੇ-ਸਵੇਰੇ ਆਲਸੀ ਚੰਨ ਨੂੰ ਲੱਭੇਗੀ!

ਨਿਰੂਪਮਾ ਰਾਘਵਾਨ



Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy

ਡਮ,, ਡਮ , ਡਮ....

ਰਾਜੂ ਵਰਾਂਡੇ ਤੋਂ ਉੱਤਰਿਆ ਅਤੇ ਆਵਾਜ਼ ਵੱਲ ਦੌੜਿਆ। ਓਥੇ! ਕੋਨੇ ਦੇ ਆਲੇ-ਦੁਆਲੇ ਇੱਕ ਸ਼ੋਰ-ਸ਼ਰਾਬੇ ਵਾਲਾ, ਰੰਗੀਨ ਜਲੂਸ ਆ ਰਿਹਾ ਸੀ!

ਰਾਜੂ ਘਰ ਵਾਪਸ ਭੱਜਿਆ ਅਤੇ ਘਰ ਵਿੱਚ ਵੜ ਗਿਆ। "ਮਾਂ! ਮਾਂ!" ਉਸਨੇ ਆਵਾਜ਼ ਮਾਰੀ। "ਕਿਰਪਾ ਕਰਕੇ ਮੈਨੂੰ ਢੋਲ ਲੈ ਕੇ ਦਿਓ!"ਉਸਦੀ ਮਾਂ ਬਾਜ਼ਾਰ ਲਈ ਨਿਕਲ ਰਹੀ ਸੀ। "ਮੈਂ ਕੋਸ਼ਿਸ਼ ਕਰਾਂਗੀ, ਰਾਜੂ," ਉਸਨੇ ਕਿਹਾ।

ਬਾਜ਼ਾਰ ਵਿੱਚ ਉਸਨੇ ਆਪਣਾ ਸਾਰਾ ਸਮਾਨ ਵੇਚ ਦਿੱਤਾ ਅਤੇ ਰੋਟੀਆਂ ਬਣਾਉਣ ਲਈ ਆਟਾ ਅਤੇ ਨਮਕ ਖਰੀਦਿਆ। ਪਰ.... ਹੁਣ ਢੋਲ ਖਰੀਦਣ ਲਈ ਪੈਸੇ ਨਹੀਂ ਸਨ! ਉਹ ਭਾਰੀ ਦਿਲ ਨਾਲ ਘਰ ਲਈ ਰਵਾਨਾ ਹੋਈ।

ਪਰ ਦੇਖੋ! ਉੱਥੇ ਸੜਕ ਦੇ ਕਿਨਾਰੇ ਲੱਕੜ ਦਾ ਇੱਕ ਵਧੀਆ ਟੁਕੜਾ ਪਿਆ ਸੀ। ਇਹ ਨਰਮ ਅਤੇ ਗੂੜ੍ਹੇ ਰੰਗ ਦਾ ਸੀ। ਸ਼ਾਇਦ ਰਾਜੂ ਇਸ ਨਾਲ ਖੇਡਣਾ ਪਸੰਦ ਕਰੇਗਾ। ਹਾਂ! ਰਾਜੂ ਬਹੁਤ ਖੁਸ਼ ਹੋਇਆ। "ਧੰਨਵਾਦ!" ਰਾਜੂ ਨੇ ਕਿਹਾ। ਫਿਰ ਰਾਜੂ ਨੇ ਇਸਨੂੰ ਹਵਾ ਵਿੱਚ ਸੁੱਟਿਆ ਅਤੇ ਫੜ ਲਿਆ। ਇਹ ਕਾਫ਼ੀ ਵਧੀਆ ਲੱਕੜ ਦਾ ਟੁਕੜਾ ਸੀ! ਹਾਂ!


ਰਾਜੂ ਆਪਣੇ ਨਵੇਂ ਖਿਡੌਣੇ ਨਾਲ ਖੇਡਣ ਲਈ ਬਾਹਰ ਗਿਆ। ਥੋੜ੍ਹੀ ਦੇਰ ਬਾਅਦ ਉਸਨੇ ਦੇਖਿਆ ਕਿ ਇੱਕ ਬੁੱਢੀ ਔਰਤ ਸੜਕ ਕਿਨਾਰੇ ਬਣੇ ਚੁਲ੍ਹੇ ਵਿੱਚ ਪਾਥੀਆਂ ਪਾ ਰਹੀ ਹੈ।



ਚੁੱਲ੍ਹੇ ਵਿੱਚੋਂ ਧੂੰਏਂ ਦਾ ਬੱਦਲ ਉੱਠ ਰਿਹਾ ਸੀ। ਅੱਗ ਨਹੀਂ ਲੱਗ ਰਹੀ ਸੀ! ਰਾਜੂ ਨੇ ਬੁੱਢੀ ਔਰਤ ਦੀਆਂ ਅੱਖਾਂ ਵਿੱਚ ਹੰਝੂ ਦੇਖੇ। "ਦਾਦੀ ਜੀ!" ਉਸਨੇ ਕਿਹਾ। "ਤੁਸੀਂ ਕਿਉਂ ਰੋ ਰਹੇ ਹੋ?"

"ਮੈਂ ਨਹੀਂ ਰੋ ਰਹੀ!" ਬੁੱਢੀ ਔਰਤ ਨੇ ਕਿਹਾ। "ਇਹ ਪਾਥੀਆਂ ਭਿੱਜੀਆਂ ਹੋਈਆਂ ਹਨ।, ਅੱਗ ਨਹੀਂ ਲੱਗ ਰਹੀ ਅਤੇ ਮੈਂ ਆਪਣਾ ਖਾਣਾ ਨਹੀਂ ਬਣਾ ਸਕਦੀ!"

"ਕੀ ਇਹੀ ਸਭ ਹੈ?" ਰਾਜੂ ਨੇ ਕਿਹਾ। "ਮੇਰੇ ਕੋਲ ਲੱਕੜ ਦਾ ਇੱਕ ਵਧੀਆ ਟੁਕੜਾ ਹੈ। "ਕਿਰਪਾ ਕਰਕੇ ਇਸਨੂੰ ਲੈ ਲੋ! ਤੁਸੀਂ ਇਸਨੂੰ ਅੱਗ ਜਲਾਉਣ ਲਈ ਵਰਤ ਸਕਦੇ ਹੋ।" ਬੁਜ਼ੁਰਗ ਔਰਤ ਬਹੁਤ ਖੁਸ਼ ਸੀ! ਉਸਨੇ ਲੱਕੜ ਦਾ ਟੁਕੜਾ ਲਿਆ ਅਤੇ ਰਾਜੂ ਨੂੰ ਇੱਕ ਰੋਟੀ ਦਿੱਤੀ।



ਰਾਜੂ ਨੇ ਉਸਦਾ ਧੰਨਵਾਦ ਕੀਤਾ ਅਤੇ ਸੜਕ 'ਤੇ ਤੁਰਨ ਲੱਗ ਪਿਆ। ਥੋੜ੍ਹੀ ਦੇਰ ਬਾਅਦ ਉਸਨੂੰ ਇੱਕ ਘੁਮਿਆਰ ਅਤੇ ਉਸਦਾ ਪਰਿਵਾਰ ਮਿਲਿਆ। ਘੁਮਿਆਰ ਦਾ ਬੱਚਾ ਰੋ ਰਿਹਾ ਸੀ।


"ਤੁਹਾਡਾ ਬੱਚਾ ਕਿਉਂ ਰੋ ਰਿਹਾ ਹੈ?" ਰਾਜੂ ਨੇ ਪੁੱਛਿਆ। "ਭੁੱਖ ਲੱਗੀ ਹੈ!" ਘੁਮਿਆਰ ਨੇ ਜਵਾਬ ਦਿੱਤਾ। "ਮੇਰੇ ਕੋਲ ਇੱਕ ਰੋਟੀ ਹੈ!" ਰਾਜੂ ਨੇ ਕਿਹਾ। "ਲੈ ਜਾਓ!" ਉਸਨੇ ਬੱਚੇ ਨੂੰ ਕਿਹਾ। ਘੁਮਿਆਰ ਦੀ ਪਤਨੀ ਨੇ ਰਾਜੂ ਨੂੰ ਕਿਹਾ, "ਤੂੰ ਚੰਗਾ ਬੱਚਾ ਹੈ ! ਇਹ ਤੇਰੇ ਲਈ ਇੱਕ ਘੜਾ ਹੈ।" ਉਸਨੇ ਉਸਨੂੰ ਆਸ਼ੀਰਵਾਦ ਦਿੱਤਾ।

ਰਾਜੂ ਆਪਣੇ ਘੜੇ ਨੂੰ ਲੈ ਕੇ ਸੜਕ 'ਤੇ ਤੁਰ ਪਿਆ। ਥੋੜ੍ਹੀ ਦੇਰ ਬਾਅਦ ਉਹ ਇੱਕ ਨਦੀ ਦੇ ਕੰਢੇ ਆਇਆ। ਉੱਥੇ ਉਸਨੇ ਇੱਕ ਧੋਬੀ ਅਤੇ ਉਸਦੀ ਪਤਨੀ ਨੂੰ ਦੇਖਿਆ।

ਧੋਬੀ ਕਹਿ ਰਿਹਾ ਸੀ, "ਸਾਡਾ ਆਖਰੀ ਘੜਾ ਟੁੱਟ ਗਿਆ ਹੈ! ਸਾਡੇ ਕੋਲ ਪਾਣੀ ਉਬਾਲਣ ਲਈ ਕੋਈ ਹੋਰ ਘੜਾ ਨਹੀਂ ਹੈ। ਅਸੀਂ ਕੱਪੜੇ ਕਿਵੇਂ ਧੋਵਾਂਗੇ?"

"ਚਿੰਤਾ ਨਾ ਕਰੋ!" ਰਾਜੂ ਨੇ ਕਿਹਾ। "ਇਹ ਘੜਾ ਲੈ ਜਾਓ!" ਧੋਬੀ ਨੇ ਵਾਰ-ਵਾਰ ਉਸਦਾ ਧੰਨਵਾਦ ਕੀਤਾ। ਉਸਨੇ ਉਸਨੂੰ ਇੱਕ ਨਰਮ ਉੱਨੀ ਕਮੀਜ਼ ਦਿੱਤੀ।

ਕਮੀਜ਼ ਬਹੁਤ ਖੂਬਸੂਰਤ ਸੀ! ਰਾਜੂ ਨੇ ਕਮੀਜ਼ ਪਾ ਲਈ। ਉਹ ਬਹੁਤ ਸੁੰਦਰ ਲੱਗ ਰਿਹਾ ਸੀ। ਕੁਝ ਦੇਰ ਬਾਅਦ ਉਹ ਇੱਕ ਪੁਲ ਤੇ ਪਹੁੰਚਿਆ।ਦਾ ਗਿਆ!



ਪੁਲ ਦੇ ਪਰਛਾਵੇਂ ਵਿੱਚ ਇੱਕ ਆਦਮੀ ਬੈਠਾ ਸੀ ਜੋ ਠੰਡ ਨਾਲ ਕੰਬ ਰਿਹਾ ਸੀ। ਉਸਦੇ ਕੋਲ ਕੋਈ ਕਮੀਜ਼ ਨਹੀਂ ਸੀ! ਰਾਜੂ ਨੇ ਹੈਰਾਨੀ ਨਾਲ ਆਦਮੀ ਵੱਲ ਦੇਖਿਆ। ਫਿਰ ਉਸਨੇ ਆਪਣੀ ਉੱਨੀ ਕਮੀਜ਼ ਲਾਹ ਕੇ ਉਸਨੂੰ ਦੇ ਦਿੱਤੀ।

"ਤੂੰ ਇੱਕ ਵੱਡੇ ਦਿਲ ਵਾਲਾ ਬੰਦਾ ਹੈਂ!" ਆਦਮੀ ਨੇ ਕਿਹਾ। "ਮੈਂ ਤੈਨੂੰ ਕੁਝ ਦੇਣਾ ਚਾਹੁੰਦਾ ਹਾਂ... ਇੱਥੇ!" ਉਸਨੇ ਰਾਜੂ ਨੂੰ ਇੱਕ ਰੱਸੀ ਦਾ ਸਿਰਾ ਦੇ ਦਿੱਤਾ। "ਮੇਰਾ ਘੋੜਾ ਲੈ ਜਾਓ!" ਉਸਨੇ ਕਿਹਾ।

ਆਪਣੇ ਨਵੇਂ ਘੋੜੇ ਦੇ ਨਾਲ ਰਾਜੂ ਇੱਕ ਵਿਆਹ ਦੀ ਪਾਰਟੀ ਨੂੰ ਮਿਲਿਆ। ਪਰਿਵਾਰ ਦੇ ਮੈਂਬਰ ਹਉਕੇ ਭਰ ਰਹੇ ਸਨ ਅਤੇ ਚਿੰਤਤ ਦਿਖਾਈ ਦੇ ਰਹੇ ਸਨ। ਇੱਕ ਛੋਟੀ ਕੁੜੀ ਨੇ ਆਪਣੀ ਮਾਂ ਤੋਂ ਪੁੱਛਿਆ ਕਿ ਉਹ ਕਿਉਂ ਰੁਕੇ ਹੋਏ ਹਨ। “ਅਸੀਂ ਘੋੜੇ ਤੋਂ ਬਿਨਾਂ ਵਿਆਹ ਲਈ ਅੱਗੇ ਨਹੀਂ ਵਧ ਸਕਦੇ!” ਉਸਦੀ ਮਾਂ ਨੇ ਕਿਹਾ।

"ਮੇਰਾ ਲੈ ਜਾਓ!" ਰਾਜੂ ਨੇ ਕਿਹਾ। ਸਭ ਖੁਸ਼ ਹੋ ਗਏ।ਲਾੜੇ ਨੇ ਰਾਜੂ ਦਾ ਧੰਨਵਾਦ ਕੀਤਾ ਅਤੇ ਕਿਹਾ, "ਕਿਰਪਾ ਕਰਕੇ ਮੈਨੂੰ ਤੁਹਾਨੂੰ ਕੁਝ ਦੇਣ ਦਿਓ!"



ਰਾਜੂ ਨੇ ਵਿਆਹ ਦੇ ਸੰਗੀਤਕਾਰਾਂ ਦੇ ਸਮੂਹ ਵੱਲ ਉਤਸੁਕਤਾ ਨਾਲ ਦੇਖਿਆ। ਉਨ੍ਹਾਂ ਨੇ ਆਪਣੇ ਸਾਜ਼ ਇੱਕ ਪਾਸੇ ਰੱਖੇ ਸਨ। ਉਹਨਾਂ ਦੇ ਸਾਜ ਵਜਨ ਲਈ ਤਿਆਰ ਸਨ।"ਕੀ ਤੁਸੀਂ ਆਪਣੇ ਸੰਗੀਤਕਾਰਾਂ ਤੋਂ ਢੋਲ ਮੰਗੋਗੇ?" ਰਾਜੂ ਨੇ ਕਿਹਾ।

"ਖੁਸ਼ੀ ਨਾਲ!" ਲਾੜੇ ਨੇ ਕਿਹਾ। ਉਹ ਸੰਗੀਤਕਾਰਾਂ ਵੱਲ ਮੁੜਿਆ ਅਤੇ ਢੋਲ ਮੰਗਿਆ। ਤੁਰੰਤ ਰਾਜੂ ਦੇ ਹੱਥਾਂ ਵਿੱਚ ਇੱਕ ਢੋਲ ਦਿਖਾਈ ਦਿੱਤਾ! ਅਤੇ ਉਹ ਘਰ ਵੱਲ ਚਲਾ ਗਿਆ, ਇੱਕ ਡਮ ਡਮ, ਡਮ ਡਮ, ਡਮ ਲੈ ਕੇ!

ਉੱਤਰੀ ਭਾਰਤ ਦੀ ਇੱਕ ਲੋਕ-ਕਥਾ

© Katha Jharna 2008

P. Saraswati   V. Vijayakanthi
L. S. Saraswathi   S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਇਹ ਕਿਸਦੀ ਪੂਛ ਹੈ?

ਇੱਕ ਧੁੱਪ ਵਾਲੇ ਦਿਨ, ਇੱਕ ਛੋਟਾ ਬਾਂਦਰ ਇੱਕ ਦਰੱਖਤ ਤੋਂ ਛਾਲ ਮਾਰ ਕੇ ਆਲੇ-ਦੁਆਲੇ ਵੇਖਣ ਲੱਗ ਪਿਆ। ਅਚਾਨਕ ਉਸਨੇ ਹੈਰਾਨ ਹੋ ਕੇ ਦੇਖਿਆ। ਇੱਕ ਪੂਛ ਸੀ, ਜੋ ਜ਼ਮੀਨ 'ਤੇ ਆਪਣੇ ਆਪ ਪਈ ਸੀ!


"ਇਹ ਕਿਸਦੀ ਪੂਛ ਹੈ?" ਬਾਂਦਰ ਨੇ ਉੱਚੀ ਆਵਾਜ਼ ਵਿੱਚ ਪੁੱਛਿਆ। "ਮੈਨੂੰ ਪਤਾ ਕਰਨਾ ਚਾਹੀਦਾ ਹੈ!" ਉਸਨੇ ਪੂਛ ਚੁੱਕੀ ਅਤੇ ਜੰਗਲ ਦੇ ਰਸਤੇ 'ਤੇ ਤੁਰ ਪਿਆ।

ਨੇੜਲੇ ਤਲਾਅ ਵਿੱਚੋਂ ਇੱਕ ਮੱਛੀ ਉੱਠੀ। "ਕੀ ਇਹ ਤੁਹਾਡੀ ਪੂਛ ਹੈ?" ਛੋਟੇ ਬਾਂਦਰ ਨੇ ਪੁੱਛਿਆ।

"ਨਹੀਂ, ਇਹ ਮੇਰੀ ਨਹੀਂ!" ਮੱਛੀ ਨੇ ਕਿਹਾ। "ਕੀ ਮੈਂ ਆਪਣੀ ਪੂੱਛ ਤੋਂ ਬਿਨਾਂ ਇਸ ਤਰ੍ਹਾਂ ਤੈਰ ਸਕਦੀ ਹਾਂ?" ਇਹ ਕਹਿ ਕੇ ਉਹ ਆਪਣੀ ਪੂਛ ਨੂੰ ਅੱਗੇ-ਪਿੱਛੇ ਹਿਲਾਉਂਦੀ ਹੋਈ ਪਾਣੀ ਵਿੱਚ ਤੇਜ਼ੀ ਨਾਲ ਤੈਰ ਗਈ।



"ਫਿਰ ਇਹ ਕਿਸਦੀ ਪੂਛ ਹੈ?" ਛੋਟਾ ਬਾਂਦਰ ਹੈਰਾਨ ਹੋਇਆ। ਇੱਕ ਜਵਾਬੀ ਆਵਾਜ਼ ਆਈ: "ਟੈਪ! ਟੈਪ! ਟੈਪ!" ਓਹ! ਇਹ ਤਾਂ ਇੱਕ ਕਠਫੋੜਵਾ ਸੀ ਜੋ ਕੀੜਿਆਂ ਲਈ ਦਰੱਖਤ ਨੂੰ ਠੋਕ ਰਿਹਾ ਸੀ!



"ਕੀ ਇਹ ਤੁਹਾਡੀ ਪੂਛ ਹੈ?" ਛੋਟੇ ਬਾਂਦਰ ਨੇ ਪੁੱਛਿਆ।ਉਸ ਨੇ ਆਪਣੀ ਪੁੱਛ ਦਿਖਾਉਂਦੇ ਹੋਏ ਕਿਹਾ,"ਇਹ ਮੇਰੀ ਪੂਛ ਹੈ। ਕੀ ਤੁਸੀਂ ਨਹੀਂ ਦੇਖ ਸਕਦੇ?" ਕਠਫੋੜਵੇ ਨੇ ਕਿਹਾ। "ਇਸ ਤੋਂ ਬਿਨਾਂ, ਕੀ ਮੈਂ ਇਸ ਤਰ੍ਹਾਂ ਬੈਠ ਸਕਦਾ?" ਇਹ ਉੱਪਰ-ਹੇਠਾਂ ਅਤੇ ਆਲੇ-ਦੁਆਲੇ ਛਾਲ ਮਾਰਦਾ ਰਿਹਾ, ਆਪਣੀ ਸਖ਼ਤ ਪੂਛ ਨਾਲ ਰੁੱਖ ਦੇ ਤਣੇ ਦੇ ਵਿਰੁੱਧ ਸੰਤੁਲਨ ਬਣਾਉਂਦਾ ਹੋਇਆ ਕੀੜੇ ਲੱਭਣ ਲਈ ਛਾਲ ਨੂੰ ਠੋਕਦਾ ਰਿਹਾ।

ਅਚਾਨਕ ਇੱਕ ਗਿਲਹਿਰੀ ਦਰੱਖਤ ਤੋਂ ਫੁਰਤੀ ਨਾਲ ਹੇਠਾਂ ਉਤਰ ਆਈ। ਉਹ ਛੋਟੇ ਬਾਂਦਰ ਦੇ ਨੇੜੇ ਉਤਰੀ ਅਤੇ ਇੱਕ ਸੁੱਕਾ ਫਲ ਚੁੱਕਣ ਲਈ ਦੌੜ ਪਈ।"ਕੀ ਇਹ ਤੁਹਾਡੀ ਪੂਛ ਹੈ?" ਛੋਟੇ ਬਾਂਦਰ ਨੇ ਪੁੱਛਿਆ। "ਨਹੀਂ!" ਗਿਲਹਰੀ ਨੇ ਕਿਹਾ। ਉਸ ਨੇ ਆਪਣੀ ਪੁੱਛ ਦਿਖਾਉਂਦੇ ਹੋਏ ਕਿਹਾ, "ਇਹ ਮੇਰੀ ਸੁੰਦਰ ਪੂਛ ਹੈ! ਇਸ ਦੇ ਲੰਮੇ ਵਾਲ ਹਰ ਪਾਸੇ ਖੜੇ ਰਹਿੰਦੇ ਹਨ, ਇਸ ਨਾਲ ਮੈਂ ਦਰੱਖਤਾਂ 'ਚ ਉੱਡ ਸਕਦੀ ਹਾਂ ਅਤੇ ਜ਼ਮੀਨ 'ਤੇ ਹੌਲੇ-ਹੌਲੇ ਲਹਿ ਸਕਦੀ ਹਾਂ!"



ਛੋਟੇ ਬਾਂਦਰ ਨੇ ਰੁੱਖਾਂ ਦੀਆਂ ਟਾਹਣੀਆਂ ਵੱਲ ਦੇਖਿਆ। ਇਹ ਉੱਪਰ ਚੜ੍ਹਨ ਅਤੇ ਖੇਡਣ ਲਈ ਤਰਸ ਰਿਹਾ ਸੀ! ਪਰ ਇਸ ਪੂਛ ਦੇ ਮਾਲਕ ਨੂੰ ਇਸਦੀ ਲੋੜ ਸੀ। ਇਸ ਲਈ ਛੋਟਾ ਬਾਂਦਰ ਹੋਰ ਅੱਗੇ ਤੁਰ ਪਿਆ।

"ਦੇਖ ਤੂੰ ਕਿੱਥੇ ਜਾ ਰਿਹਾ ਹੈਂ!" ਇੱਕ ਆਵਾਜ਼ ਆਈ। ਛੋਟੇ ਬਾਂਦਰ ਨੇ ਹੇਠਾਂ ਦੇਖਿਆ।

ਓਹ, ਨਹੀਂ! ਇਹ ਇੱਕ ਗੁੱਸੇ ਵਾਲਾ ਬਿੱਛੂ ਸੀ!

“ਕਿਰਪਾ ਕਰਕੇ ਮਾਫ਼ ਕਰਨਾ ”, ਛੋਟੇ ਬਾਂਦਰ ਨੇ ਕਿਹਾ, "ਕੀ ਇਹ ਤੁਹਾਡੀ ਪੂਛ ਹੈ?"

"ਤੂੰ ਮੇਰੀ ਪੂਛ ਬਹੁਤ ਚੰਗੀ ਤਰ੍ਹਾਂ ਦੇਖ ਸਕਦਾ ਹੈਂ, ਹੈ ਨਾ?" ਬਿੱਛੂ ਨੇ ਜਵਾਬ ਦਿੱਤਾ ਅਤੇ ਉਸਨੇ ਆਪਣੀ ਪੂਛ ਛੋਟੇ ਬਾਂਦਰ ਵੱਲ ਸਿੱਧੀ ਕਰ ਦਿਤੀ! "ਜੇ ਮੈਂ ਤੈਨੂੰ ਡੰਗ ਮਾਰਿਆ, ਤਾਂ ਤੂੰ ਮਰ ਜਾਵੇਂਗਾ!" ਉਸ ਨੇ ਚੇਤਾਵਨੀ ਦਿੱਤੀ। "ਭੱਜ ਜਾਓ! ਭੱਜ ਜਾਓ!"

ਛੋਟੇ ਬਾਂਦਰ ਨੇ ਅਜਿਹਾ ਹੀ ਕੀਤਾ।

ਜਿਵੇਂ ਹੀ ਇਹ ਭੱਜ ਰਿਹਾ ਸੀ, ਇੱਕ ਮਾਂ ਖਰਗੋਸ਼ ਆਪਣੇ ਬੱਚਿਆਂ ਸਮੇਤ ਇਸਦੇ ਕੋਲੋਂ ਲੰਘ ਰਹੀ ਸੀ। ਉਹ ਸਾਰੇ ਆਪਣੇ ਖੱਡ ਵਿੱਚ ਛਾਲ ਮਾਰ ਕੇ ਅਲੋਪ ਹੋ ਗਏ।


"ਮਾਂ ਖਰਗੋਸ਼!" ਛੋਟੇ ਬਾਂਦਰ ਨੇ ਆਵਾਜ਼ ਮਾਰੀ। "ਕੀ ਤੁਸੀਂ ਆਪਣੀ ਪੂਛ ਲੱਭ ਰਹੇ ਹੋ?"

ਮਾਂ ਖਰਗੋਸ਼ ਖੱਡ ਵਿੱਚੋਂ ਬਾਹਰ ਆਈ। "ਇਹ ਮੇਰੀ ਪੂਛ ਹੈ। ਦੇਖੋ ਮੈਂ ਇਸਨੂੰ ਕਿਵੇਂ ਮਰੋੜਦੀ ਹਾਂ!" ਉਸਨੇ ਕਿਹਾ।

"ਓਹ!" ਛੋਟੇ ਬਾਂਦਰ ਨੇ ਕਿਹਾ। "ਤੁਹਾਡੀ ਫਰ ਭੂਰੀ ਅਤੇ ਸਲੇਟੀ ਹੈ, ਪਰ ਤੁਹਾਡੀ ਪੂਛ ਚਿੱਟੀ ਹੈ। ਇਹ ਬਹੁਤ ਛੋਟੀ ਅਤੇ ਨਰਮ ਹੈ।"

"ਹਾਂ, ਬਿਲਕੁਲ!" ਖਰਗੋਸ਼ ਨੇ ਕਿਹਾ। "ਜਦੋਂ ਮੈਂ ਦੌੜਦੀ ਹਾਂ, ਮੈਂ ਇਸਨੂੰ ਪਾਸੇ-ਪਾਸੇ ਹਿਲਾਉਂਦੀ ਹਾਂ। ਇਸ ਨਾਲ ਮੇਰੇ ਦੁਸ਼ਮਨ ਧਿਆਨ ਭਟਕ ਜਾਂਦੇ ਹਨ — ਅਤੇ ਮੈਂ ਬਚ ਕੇ ਨਿਕਲ ਜਾਂਦੀ ਹਾਂ!"

"ਕਿੰਨੀ ਲਾਭਦਾਇਕ ਪੂਛ!" ਛੋਟੇ ਬਾਂਦਰ ਨੇ ਸੋਚਿਆ।



ਫਿਰ ਕੋਈ ਨਵਾਂ ਆਇਆ। ਇਹ ਇੱਕ ਪੂਛ ਤੋਂ ਬਿਨਾਂ ਛਿਪਕਲੀ ਸੀ! ਛੋਟਾ ਬਾਂਦਰ ਉਸ ਵੱਲ ਭੱਜਿਆ। "ਮੈਨੂੰ ਤੁਹਾਡੀ ਪੂਛ ਮਿਲ ਗਈ!"ਇਹ ਹੈ!"

"ਇਹ ਮੇਰੀ ਪੂਛ ਸੀ," ਛਿਪਕਲੀ ਨੇ ਕਿਹਾ। "ਪਰ ਮੈਨੂੰ ਹੁਣ ਇਸਦੀ ਲੋੜ ਨਹੀਂ ਹੈ।"

"ਤੁਹਾਨੂੰ ਇਸਦੀ ਲੋੜ ਨਹੀਂ ਹੈ?" ਛੋਟੇ ਬਾਂਦਰ ਨੇ ਪੁੱਛਿਆ। "ਇਹ ਕਿਵੇਂ ਹੋ ਸਕਦਾ ਹੈ? ਪੂਛ ਤੋਂ ਬਿਨਾਂ ਮੱਛੀ ਤੈਰ ਨਹੀਂ ਸਕਦੀ ਸੀ, ਕਠਫੋੜਵਾ ਰੁੱਖ ਦੇ ਤਣੇ 'ਤੇ ਸੰਤੁਲਨ ਨਹੀਂ ਬਣਾ ਸਕਦਾ ਸੀ, ਗਿਲਹਰੀ ਜ਼ਮੀਨ 'ਤੇ ਨਹੀਂ ਜਾ ਸਕਦੀ ਸੀ, ਬਿੱਛੂ ਆਪਣਾ ਬਚਾਅ ਨਹੀਂ ਕਰ ਸਕਦਾ ਸੀ, ਖਰਗੋਸ਼ ਆਪਣੇ ਸ਼ਿਕਾਰੀਆਂ ਤੋਂ ਨਹੀਂ ਬਚ ਸਕਦਾ ਸੀ, ਅਤੇ ਮੈਂ, ਮੈਂ ਦਰੱਖਤਾਂ ਤੇ ਨਹੀਂ ਝੂਲ ਸਕਦਾ ਸੀ! ਹਰ ਕਿਸੇ ਨੂੰ ਪੂਛ ਦੀ ਲੋੜ ਹੁੰਦੀ ਹੈ!"

ਛਿਪਕਲੀ ਨੇ ਕਿਹਾ। "ਪਰ ਕੱਲ੍ਹ ਇੱਕ ਸੱਪ ਨੇ ਮੈਨੂੰ ਫੜ ਲਿਆ ਅਤੇ ਮੈਨੂੰ ਆਪਣੀ ਪੂਛ ਡੇਗਣੀ ਪਈ। ਜਦੋਂ ਇਹ ਜ਼ਮੀਨ ‘ਤੇ ਲਚਕਦੀ ਅਤੇ ਮੁੜਦੀ ਰਹੀ, ਸੱਪ ਨੇ ਇਸਨੂੰ ਜਲਦੀ ਨਾਲ ਕੱਟ ਲਿਆ। ਇਸ ਤਰ੍ਹਾਂ ਮੈਂ ਬਚ ਗਈ!"

"ਇਹ ਹੈਰਾਨੀਜਨਕ ਹੈ!" ਛੋਟੇ ਬਾਂਦਰ ਨੇ ਕਿਹਾ। "ਪਰ ਤੁਸੀਂ ਇਸਨੂੰ ਵਾਪਸ ਕਿਉਂ ਨਹੀਂ ਚਾਹੁੰਦੇ?"

"ਵੇਖੋ!" ਛਿਪਕਲੀ ਨੇ ਕਿਹਾ। "ਮੈਂ ਪਹਿਲਾਂ ਹੀ ਇੱਕ ਨਵੀਂ ਪੁੱਛ ਵਧਾ ਰਹੀ ਹਾਂ!"

"ਓਹ!" ਛੋਟੇ ਬਾਂਦਰ ਨੇ ਕਿਹਾ। "ਤੁਹਾਡੇ ਕੋਲ ਸਭ ਤੋਂ ਸ਼ਾਨਦਾਰ ਪੂਛ ਹੈ!"



Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy

ਤਿਉਹਾਰ 'ਤੇ

ਉਸ ਦਿਨ ਸਾਡੀ ਕਲਾਸ ਵਿੱਚ ਕਾਫ਼ੀ ਹੰਗਾਮਾ ਸੀ! ਘੰਟੀ ਵੱਜਣ ਤੋਂ ਬਾਅਦ, ਮੈਂ ਜਿੰਨੀ ਜਲਦੀ ਹੋ ਸਕੇ ਘਰ ਵਾਪਸ ਆ ਗਿਆ। "ਅੰਮਾ! ਅੰਮਾ!" ਮੈਂ ਫੋਨ ਕੀਤਾ। "ਅਗਲੇ ਹਫ਼ਤੇ ਇੱਕ ਸਕਾਊਟ ਕੈਂਪ ਹੋਵੇਗਾ। ਕੀ ਮੈਂ ਜਾ ਸਕਦਾ ਹਾਂ?"

"ਮੈਨੂੰ ਇਸ ਬਾਰੇ ਹੋਰ ਦੱਸੋ," ਮੇਰੀ ਮਾਂ ਨੇ ਕਿਹਾ।

ਮੈਂ ਕਿਹਾ, "ਇਹ ਸਾਲਾਨਾ ਮੇਲੇ ਦੌਰਾਨ ਸ਼ਹਿਰ ਵਿੱਚ ਕਰਵਾਇਆ ਜਾਵੇਗਾ।"ਬਹੁਤ ਸਾਰੇ ਲੋਕ ਪਿੰਡਾਂ ਤੋਂ ਆਉਣਗੇ। ਸਾਨੂੰ ਆਲੇ-ਦੁਆਲੇ ਦੇ ਸੈਲਾਨੀਆਂ ਨੂੰ ਮਾਰਗ ਦਰਸ਼ਨ ਕਰਨ ਅਤੇ ਉਨ੍ਹਾਂ ਦੀ ਸੁਰੱਖਿਆ ਦੇਖਣ ਲਈ ਕਿਹਾ ਗਿਆ ਹੈ।"

"ਇਹ ਬਹੁਤ ਵਧੀਆ ਲੱਗਦਾ ਹੈ, ਮਨੀ," ਮੇਰੀ ਮਾਂ ਨੇ ਕਿਹਾ। "ਪਰ ਤੁਸੀਂ ਕਦੇ ਵੀ ਘਰ ਤੋਂ ਬਾਹਰ ਰਾਤ ਨਹੀਂ ਗੁਜਾਰੀ। ਮੈਂ ਕਿੰਨੀ ਚਿੰਤਾ ਕਰਾਂਗੀ!"

"ਕਮਲਾ, ਰਹੀਮ ਅਤੇ ਹੋਰ ਕਈ ਲੋਕ ਜਾਣਗੇ," ਮੈਂ ਮਾਂ ਨੂੰ ਭਰੋਸਾ ਦਿਵਾਇਆ। "ਕਿਰਪਾ ਕਰਕੇ, ਕੀ ਮੈਂ ਵੀ ਜਾ ਸਕਦੀ ਹਾਂ?"



"ਚੰਗਾ, ਜੇ ਉਹ ਵੀ ਜਾ ਰਹੇ ਹਨ..." ਉਹ ਆਪਣੀ ਗੱਲ ਪੂਰੀ ਕਰਦੀ ਇਸ ਤੋਂ ਪਹਿਲਾਂ ਹੀ ਮੈਂ ਉਸਨੂੰ ਜ਼ੋਰ ਨਾਲ ਗਲੇ ਲਾ ਲਿਆ। "ਧੰਨਵਾਦ, ਅੰਮਾ!" ਮੈਂ ਦਿਲੋਂ ਕਿਹਾ।

ਯਾਤਰਾ ਵਾਲੇ ਦਿਨ ਅਸੀਂ ਸਭ ਸਕੂਲ ਦੇ ਮੈਦਾਨ ਵਿੱਚ ਇਕੱਠੇ ਹੋਏ। ਅਸੀਂ ਆਪਣੇ ਭਾਰੇ ਬੈਗ ਬੱਸ ਵਿੱਚ ਚੜ੍ਹਾਏ। ਹੱਥ ਹਿਲਾਉਂਦੇ ਹੋਏ ਅਤੇ ਵਿਦਾਈ ਦਿੰਦੇ ਹੋਏ ਅਸੀਂ ਸਕੂਲ ਦੇ ਗੇਟ ਤੋਂ ਰਵਾਨਾ ਹੋਏ। ਜਲਦੀ ਹੀ ਅਸੀਂ ਮੁੱਖ ਸੜਕ 'ਤੇ ਸੀ। ਅਸੀਂ ਪੂਰੇ ਰਸਤੇ ਗਾਣੇ ਗਾਂਦੇ ਹੋਏ ਸ਼ਹਿਰ ਤੱਕ ਪਹੁੰਚੇ।

ਜਦੋਂ ਅਸੀਂ ਪਹੁੰਚੇ, ਲਗਭਗ ਹਨੇਰਾ ਹੋ ਗਿਆ ਸੀ। ਪਰ ਅਸੀਂ ਤਾਂ ਹੈਰਾਨ ਰਹਿ ਗਏ! ਲੋਕ ਖਾਣੇ ਦੇ ਸਟਾਲਾਂ ਅਤੇ ਸ਼ਿਲਪਕਾਰੀ ਦੇ ਸਟਾਲਾਂ ਦੇ ਆਲੇ-ਦੁਆਲੇ ਭੀੜ ਵਧਾ ਰਹੇ ਸਨ। ਮੈਂ ਕਦੇ ਵੀ ਇੰਨੇ ਸਾਰੇ ਲੋਕਾਂ ਨੂੰ ਇੱਕੋ ਸਮੇਂ ਨਹੀਂ ਦੇਖਿਆ ਸੀ।

ਜਿਵੇਂ ਹੀ ਅਸੀਂ ਬੱਸ ਤੋਂ ਉਤਰੇ, ਸਾਨੂੰ ਇੱਕ ਵੱਡੇ ਮੈਦਾਨ ਵਿੱਚ ਲਿਜਾਇਆ ਗਿਆ ਜਿੱਥੇ ਸਾਡੇ ਤੰਬੂ ਲਗਾਏ ਜਾਣੇ ਸਨ। ਫਿਰ ਸਾਨੂੰ ਅਗਲੇ ਦਿਨ ਦੀਆਂ ਡਿਊਟੀਆਂ ਦੇ ਅਨੁਸਾਰ ਸਮੂਹਾਂ ਵਿੱਚ ਵੰਡਿਆ ਗਿਆ।

ਕਮਲਾ ਸੱਚਮੁੱਚ ਉਤਸ਼ਾਹਿਤ ਸੀ। ਉਹ ਮੈਡੀਕਲ ਸਟਾਫ ਦੀ ਮਦਦ ਕਰਨ ਜਾ ਰਹੀ ਸੀ। ਰਹੀਮ ਟ੍ਰਾਂਸਪੋਰਟ ਪੁਲਿਸ ਦੀ ਮਦਦ ਕਰਨ ਜਾ ਰਿਹਾ ਸੀ। ਅਸੀਂ ਸਾਰੇ ਇਹ ਸੁਣ ਕੇ ਹੱਸ ਪਏ, ਕਿਉਂਕਿ ਉਹ ਸਾਡੇ ਸਕੂਲ ਦਾ ਸਭ ਤੋਂ ਵਧੀਆ ਫੁਟਬਾਲ ਖਿਡਾਰੀ ਸੀ। ਉਸਨੂੰ ਦੇਖ ਕੇ ਹੀ ਕੋਈ ਵੀ ਸ਼ਰਾਰਤੀ ਤੱਤ ਡਰ ਜਾਂਦੇ ਸਨ।

ਮੈਂ ਵੀ ਆਪਣੇ ਕੰਮ ਨਾਲ ਖੁਸ਼ ਸੀ। ਮੇਰਾ ਕੰਮ ਨਵੇਂ ਆਏ ਲੋਕਾਂ ਨੂੰ ਰਾਹ ਲੱਭਣ ਵਿੱਚ ਮਦਦ ਕਰਨਾ ਸੀ।ਮੈਨੂੰ ਹਮੇਸ਼ਾ ਲੋਕਾਂ ਨੂੰ ਦੇਖਣਾ ਅਤੇ ਸੁਣਨਾ ਪਸੰਦ ਸੀ, ਅਤੇ ਹੁਣ ਮੈਨੂੰ ਅਜਿਹਾ ਕਰਨ ਦਾ ਇੱਕ ਚੰਗਾ ਮੌਕਾ ਮਿਲੇਗਾ।




ਅਗਲਾ ਦਿਨ ਜਲਦੀ ਬੀਤ ਗਿਆ, ਫਿਰ ਵੀ ਇਸ ਵਿੱਚ ਬਹੁਤ ਸਾਰੀਆਂ ਯਾਦਾਂ ਸਮਾਈਆਂ ਹੋਈਆਂ ਹਨ! ਅਸੀਂ ਬਹੁਤ ਮਿਹਨਤ ਕੀਤੀ ਅਤੇ ਅਸੀਂ ਸਾਰਿਆਂ ਨੇ ਬਹੁਤ ਕੁਝ ਸਿੱਖਿਆ। ਜਦੋਂ ਤੱਕ ਸਾਨੂੰ ਵਾਪਸ ਟੈਂਟਾਂ ਵਿੱਚ ਭੇਜਿਆ ਗਿਆ, ਅਸੀਂ ਸੱਚਮੁੱਚ ਥੱਕ ਚੁੱਕੇ ਸੀ।

ਇਕੱਠੇ ਤੁਰਦੇ ਹੋਏ, ਮੈਂ ਅਤੇ ਰਹੀਮ ਨੇ ਆਪਣੇ ਦਿਨ ਬਾਰੇ ਗੱਲ ਕੀਤੀ। ਹਮੇਸ਼ਾ ਵਾਂਗ, ਉਸ ਕੋਲ ਦੱਸਣ ਲਈ ਇੱਕ ਮਜ਼ਾਕੀਆ ਕਹਾਣੀ ਸੀ। ਜਿਵੇਂ ਹੀ ਉਹ ਖਤਮ ਹੋਇਆ, ਅਸੀਂ ਦੋਵਾਂ ਨੇ ਇੱਕ ਬੁੱਢੀ ਔਰਤ ਨੂੰ ਮੰਦਰ ਦੀਆਂ ਪੌੜੀਆਂ ਦੇ ਕੋਲ ਖੜ੍ਹਾ ਦੇਖਿਆ। ਉਸ ਕੋਲ ਇੱਕ ਭਾਰੀ ਬੈਗ ਸੀ। ਅਸੀਂ ਉਸਦੀ ਮਦਦ ਕਰਨ ਲਈ ਭੱਜੇ।

ਰਹੀਮ ਨੇ ਬੈਗ ਚੁੱਕਿਆ ਜਦੋਂ ਕਿ ਮੈਂ ਉਸਦੀ ਬਾਂਹ ਫੜੀ ਅਤੇ ਉਸਨੂੰ ਸਹਾਰਾ ਦਿੱਤਾ ਜਦੋਂ ਉਹ ਪੌੜੀਆਂ ਚੜ੍ਹੀ। ਸਿਖਰ 'ਤੇ ਉਸਨੇ ਸਾਡਾ ਧੰਨਵਾਦ ਕੀਤਾ ਅਤੇ ਸਾਨੂੰ "ਚੰਗੇ ਮੁੰਡੇ" ਕਿਹਾ। ਅਸੀਂ ਆਪਣੀ ਜ਼ਿੰਮੇਵਾਰੀ ਨਿਭਾ ਕੇ ਖੁਸ਼ ਹੋਏ।

ਅਚਾਨਕ ਇੱਕ ਜ਼ੋਰਦਾਰ ਛਾਲ ਵੱਜੀ। ਇੱਕ ਛੋਟਾ ਮੁੰਡਾ ਤਲਾਅ ਵਿੱਚ ਡਿੱਗ ਪਿਆ ਸੀ! ਰਹੀਮ ਪੌੜੀਆਂ ਤੋਂ ਹੇਠਾਂ ਦੌੜਿਆ, ਉਸ ਨੇ ਆਪਣੀਆਂ ਜੁੱਤੀਆਂ ਸੁੱਟੀਆਂ ਅਤੇ ਪਾਣੀ ਵਿੱਚ ਛਾਲ ਮਾਰੀ। ਉਹ ਜਲਦੀ ਨਾਲ ਤੈਰ ਕੇ ਬੱਚੇ ਕੋਲ ਗਿਆ ਅਤੇ ਉਸਨੂੰ ਸੁਰੱਖਿਅਤ ਥਾਂ 'ਤੇ ਲੈ ਆਇਆ।

ਹੁਣ ਮੇਰੀ ਵਾਰੀ ਸੀ। ਮੈਂ ਮੁੰਡੇ ਨੂੰ ਹੌਲੀ-ਹੌਲੀ ਰੇਤ 'ਤੇ ਲਿਟਾਇਆ ਅਤੇ ਮੁੱਢਲੀ ਸਹਾਇਤਾ ਦਿੱਤੀ। ਖੁਸ਼ਕਿਸਮਤੀ ਨਾਲ, ਉਸਨੇ ਬਹੁਤਾ ਪਾਣੀ ਅੰਦਰ ਨਹੀਂ ਲੰਘਾਇਆ ਸੀ।



ਇਸ ਦੌਰਾਨ ਭੀੜ ਇਕੱਠੀ ਹੋ ਗਈ ਸੀ। ਲੋਕ ਦੇਖਣ ਲਈ ਜ਼ੋਰ ਪਾ ਰਹੇ ਸਨ। ਰਹੀਮ ਨੇ ਉਨ੍ਹਾਂ ਨੂੰ ਪਿੱਛੇ ਹਟਣ ਲਈ ਕਿਹਾ। "ਮੁੰਡੇ ਨੂੰ ਹਵਾ ਦੀ ਲੋੜ ਹੈ!" ਉਸਨੇ ਉੱਚੀ ਆਵਾਜ਼ ਵਿੱਚ ਕਿਹਾ। "ਕਿਰਪਾ ਕਰਕੇ ਆਪਣੀ ਦੂਰੀ ਬਣਾਈ ਰੱਖੋ!" ਹੁਣ ਮੁੰਡੇ ਦੇ ਮਾਪੇ ਲੰਘਣ ਦੇ ਯੋਗ ਸਨ। ਉਹ ਉਸ ਕੋਲ ਭੱਜੇ। ਉਸਦੇ ਪਿਤਾ ਨੇ ਉਸਨੂੰ ਚੁੱਕਿਆ ਅਤੇ ਉਸਨੂੰ ਆਪਣੀਆਂ ਬਾਹਾਂ ਵਿੱਚ ਕੱਸ ਕੇ ਫੜ ਲਿਆ।

ਕਸਬੇ ਦਾ ਹਸਪਤਾਲ ਨੇੜੇ ਸੀ। ਰਹੀਮ ਅਤੇ ਮੈਂ ਪਰਿਵਾਰ ਨੂੰ ਉੱਥੇ ਲੈ ਆਏ। ਜਦੋਂ ਡਾਕਟਰ ਬੱਚੇ ਦੀ ਜਾਂਚ ਕਰ ਰਿਹਾ ਸੀ ਤਾਂ ਅਸੀਂ ਬੇਚੈਨੀ ਨਾਲ ਇੰਤਜ਼ਾਰ ਕੀਤਾ। ਅੰਤ ਵਿੱਚ, ਉਸਨੇ ਉੱਪਰ ਦੇਖਿਆ ਅਤੇ ਸਾਡੇ ਵੱਲ ਮੁਸਕਰਾਇਆ। "ਤੁਸੀਂ ਮੁੰਡਿਆਂ ਨੇ ਚੰਗਾ ਕੰਮ ਕੀਤਾ! ਤੁਸੀਂ ਉਸਨੂੰ ਸਮੇਂ ਸਿਰ ਪਾਣੀ ਵਿੱਚੋਂ ਬਾਹਰ ਕੱਢ ਲਿਆ। ਤੁਹਾਡੀ ਪਹਿਲੀ ਸਹਾਇਤਾ ਨੇ ਉਸਦੀ ਜਾਨ ਬਚਾਈ!" ਮਾਪਿਆਂ ਨੇ ਹੰਝੂਆਂ ਭਰੀਆਂ ਅੱਖਾਂ ਨਾਲ ਸਾਨੂੰ ਧੰਨਵਾਦ ਕੀਤਾ।

ਜਦੋਂ ਅਸੀਂ ਹਸਪਤਾਲ ਤੋਂ ਬਾਹਰ ਨਿਕਲ ਰਹੇ ਸੀ, ਅਸੀਂ ਕਮਲਾ ਨੂੰ ਦੇਖਿਆ। ਉਹ ਵ੍ਹੀਲਚੇਅਰ 'ਤੇ ਕਿਸੇ ਨੂੰ ਧੱਕ ਰਹੀ ਸੀ। ਉਸਨੇ ਸਾਨੂੰ ਦੇਖਿਆ ,ਸਾਡੇ ਵੱਲ ਹੱਥ ਹਿਲਾਇਆ। ਇੱਕ ਮਿੰਟ ਵਿੱਚ ਉਹ ਸਾਡੇ ਨਾਲ ਜੁੜ ਗਈ ਅਤੇ ਅਸੀਂ ਇਕੱਠੇ ਚੱਲ ਪਏ।



ਅਸੀਂ ਸਭ ਕੁਝ ਕੀਤਾ ਅਤੇ ਬਹੁਤ ਕੁਝ ਦੇਖਿਆ! ਅਤੇ ਅਸੀਂ ਸਾਰਿਆਂ ਨੇ ਆਪਣੇ ਸਕਾਊਟਿੰਗ ਹੁਨਰ ਦੀ ਵਰਤੋਂ ਕੀਤੀ ਸੀ! ਸਾਡੇ ਵਿੱਚੋਂ ਹਰ ਇੱਕ ਕੋਲ ਦੱਸਣ ਲਈ ਬਹੁਤ ਸਾਰੀਆਂ ਕਹਾਣੀਆਂ ਸਨ।

ਅਸੀਂ ਜਾਗਦੇ ਰਹੇ ਅਤੇ ਰਾਤ ਤੱਕ ਗੱਲਾਂ ਕੀਤੀਆਂ।

© Katha Jharna 2008

P. Saraswati V. Vijayakanthi


L. S. Saraswathi S. Rajalakshmi

Publisher Rajalakshmi Srinivasan Memorial Foundation

Punjabi Ramanpreet Kaur

Artist Uma Krishnaswamy

60 ਅਸੀਂ ਕੌਣ ਹਾਂ?



ਰੁੱਖ ਇੱਕ ਹੈ
ਇਸਦੇ ਥੰਮ੍ਹ ਬਹੁਤ ਹਨ



ਮੈਂ ਇੱਕ ਛੋਟਾ ਕੰਡਿਆਲਾ ਰੁੱਖ ਹਾਂ
ਚਮਕਦਾਰ ਪੀਲੇ ਗੋਲਿਆਂ ਨਾਲ ਢੱਕਿਆ ਹੋਇਆ
ਮੇਰੇ ਪੱਤੇ ਚਮਕਦਾਰ ਹਰੇ ਅਤੇ ਖੁਸ਼ਬੂਦਾਰ ਹਨ
ਮੇਰੇ ਫਲ ਖੱਟੇ ਰਸ ਨਾਲ ਭਰੇ ਹੋਏ ਹਨ
ਜੋ ਤੁਸੀਂ ਪਾਣੀ, ਖੰਡ ਅਤੇ ਨਮਕ ਨਾਲ ਪੀਂਦੇ ਹੋ

ਚੌੜੇ, ਪੱਖੇ ਵਰਗੇ ਪੱਤਿਆਂ ਵਾਲਾ ਇੱਕ ਲੰਮਾ ਰੁੱਖ
ਨਰਮ, ਮਾਸਦਾਰ ਫਲ ਜੋ ਮਿੱਠਾ ਹੁੰਦਾ ਹੈ
ਅਤੇ ਰੰਗ ਵਿੱਚ ਜੀਵੰਤ ਸੰਤਰੀ
ਕਾਲੇ, ਮਿਰਚ ਵਰਗੇ ਬੀਜਾਂ ਦੇ ਨਾਲ

ਉਨ੍ਹਾਂ ਦੇ ਪੱਤੇ ਹਨ - ਪਰ ਕੋਈ ਟਾਹਣੀਆਂ ਨਹੀਂ
ਉਨ੍ਹਾਂ ਦੇ ਫੁੱਲ ਹਨ - ਪਰ ਕੋਈ ਖੁਸ਼ਬੂ ਨਹੀਂ
ਉਨ੍ਹਾਂ ਕੋਲ ਫਲ ਹਨ - ਪਰ ਲਾਉਣ ਲਈ ਕੋਈ ਬੀਜ ਨਹੀਂ
ਅਤੇ ਇੱਕ ਮਜ਼ਬੂਤ ਤਣਾ - ਪਰ ਇਮਾਰਤ ਲਈ ਕੋਈ ਲੱਕੜ ਨਹੀਂ
ਉਨ੍ਹਾਂ ਕੋਲ ਬਹੁਤ ਸਾਰੇ ਨੌਜਵਾਨ ਹਨ!

ਮੋਤੀਆਂ ਵਰਗੇ ਚਿੱਟੇ ਫੁੱਲ ਗੁੱਛੇਦਾਰ
ਲੰਬੀਆਂ, ਪਤਲੀਆਂ ਹਰੀਆਂ ਸਬਜ਼ੀਆਂ ਲਟਕਦੀਆਂ
ਖਾਣਾ ਪਕਾਉਣ ਵਿੱਚ ਵਰਤੇ ਜਾਣ ਵਾਲੇ ਕੋਮਲ ਹਰੇ ਪੱਤੇ
ਖਾਣ ਲਈ ਇਸ ਰੁੱਖ 'ਤੇ ਕੋਈ ਪੱਕੇ ਫਲ ਨਹੀਂ!

ਇੱਕ ਦਰਮਿਆਨੇ ਤੋਂ ਛੋਟੇ ਆਕਾਰ ਦਾ ਰੁੱਖ
ਫਿੱਕੇ-ਹਰੇ ਖੱਟੇ ਫਲਾਂ ਵਾਲਾ,
ਉਗਿਆ ਹੋਇਆ ਅਤੇ ਹਿੱਸਿਆਂ ਵਿੱਚ ਵੰਡਿਆ ਹੋਇਆ,
ਵਿਟਾਮਿਨ ਸੀ ਦਾ ਭੰਡਾਰ



ਮੈਂ ਲੰਬਾ ਹਾਂ ਜਿਸਦੇ ਵੱਡੇ ਪੱਤੇ ਲਾਲ ਹੋ ਜਾਂਦੇ ਹਨ
ਮੇਰਾ ਬੀਜ ਅੱਖਾਂ ਦੇ ਆਕਾਰ ਦਾ ਹੈ
ਇਸਦਾ ਬਾਹਰੀ ਖੋਲ ਤੋੜਨਾ ਔਖਾ ਹੈ
ਪਰ ਇਸਨੂੰ ਖਾਣ ਨਾਲ ਚੰਗੀ ਸਿਹਤ ਮਿਲਦੀ ਹੈ

ਅੱਗ ਵਰਗੇ ਲਾਲ ਰੰਗ ਦੇ ਫੁੱਲ
ਸੈਂਕੜੇ ਕੰਡਿਆਂ ਨਾਲ ਕਤਾਰ ਬੱਧ ਟਾਹਣੀਆਂ
ਕੈਪਸੂਲ ਵਰਗੇ ਫਲ ਜੋ ਫਟਦੇ ਹਨ
ਛੋਟੇ ਪੈਰਾਸ਼ੂਟਾਂ ਨੂੰ ਹਵਾ ਨਾਲ ਉੱਡਣ ਦੇਣਾ

ਰੁੱਖ ਦੇ ਦੁਆਲੇ ਬਰਫੀਲੇ ਚਿੱਟੇ ਗਲੀਚੇ ਬਣਾਉਣ ਲਈ
ਇਸਦੇ ਦਿਲ ਦੇ ਆਕਾਰ ਦੇ ਪੱਤਿਆਂ ਦੇ ਹੇਠਾਂ,ਇੱਕ ਠੰਡੀ ਅਤੇ ਸੁਹਾਵਣੀ ਛਾਂ



ਮੈਂ ਕਸਬਿਆਂ ਅਤੇ ਪਿੰਡਾਂ ਵਿੱਚ ਉੱਗਦਾ ਹਾਂ
ਮੈਂ ਸਾਰਿਆਂ ਨੂੰ ਛਾਂ ਦਿੰਦਾ ਹਾਂ
ਮੇਰੇ ਫੁੱਲ ਲਾਲ ਹਨ
ਮੈਂ ਬਹੁਤ ਸੁੰਦਰ ਹਾਂ!


ਇਸਦੇ ਵੱਡੇ, ਪੱਖੇ ਦੇ ਆਕਾਰ ਦੇ ਪੱਤੇ ਗੂੰਜਦੇ ਹਨ -
ਉਹ ਬਹੁਤ ਆਵਾਜ਼ ਕਰਦੇ ਹਨ!
ਇਸਦਾ ਤਣਾ ਸਿੱਧਾ ਅਤੇ ਬਿਨਾਂ ਟਾਹਣੀਆਂ ਵਾਲਾ ਹੈ!
ਕਾਲੇ ਰੇਸ਼ੇਦਾਰ ਫਲ ਨੂੰ ਕੱਟੋ
ਅਤੇ ਵੱਡੇ, ਮਿੱਠੇ ਅਤੇ ਰਸਦਾਰ ਬੀਜਾਂ ਦਾ ਸੁਆਦ ਲਓ



ਨੌਜਵਾਨ ਫਲ ਹਰੇ ਰੰਗ ਦੇ ਹੁੰਦੇ ਹਨ
ਪੱਕੇ ਮੂੰਗੀਆ ਲਾਲ ਹੁੰਦੇ ਹਨ
ਫਲ ਦਾ ਆਨੰਦ ਮਾਣੋ, ਅਤੇ ਸਖ਼ਤ ਬੀਜ ਨੂੰ ਥੁੱਕ ਦਿਓ -
ਅਤੇ ਕੰਡਿਆਲੀਆਂ ਟਾਹਣੀਆਂ ਤੋਂ ਸਾਵਧਾਨ ਰਹੋ!

ਉੱਚੇ ਦਰੱਖਤ ਸੂਰਜ ਵੱਲ ਪਹੁੰਚਦੇ ਹਨ,
ਉਨ੍ਹਾਂ ਦੀ ਖੁਸ਼ਬੂ ਸਾਰੇ ਪਾਸੇ ਫੈਲਦੀ ਹੈ , ਤੰਗ ਸਲੇਟੀ
ਪੱਤਿਆਂ ਨੂੰ ਕੁਚਲੋ ਅਤੇ ਉਹਨਾਂ ਨੂੰ ਮੱਥੇ 'ਤੇ ਰਗੜੋ , ਤੁਹਾਡਾ
ਸਿਰ ਦਰਦ ਉੱਡ ਜਾਵੇਗਾ

ਤੁਸੀਂ ਮੈਨੂੰ ਰੇਤਲੇ ਤੱਟਵਰਤੀ ਖੇਤਰਾਂ ਵਿੱਚ ਦੇਖ ਸਕਦੇ ਹੋ
ਮੇਰੇ ਪਤਲੇ ਖੁਰਲੀ ਵਾਲੇ ਪੱਤੇ ਹਨ
ਮੇਰੀਆਂ ਟਾਹਣੀਆਂ ਘੋੜੇ ਦੀਆਂ ਪੂਛਾਂ ਵਰਗੀਆਂ ਲੱਗਦੀਆਂ ਹਨ
ਮੇਰੇ ਫਲ ਕੰਡਿਆਲੇ ਗੋਲੇ ਹਨ
ਉਹ ਬਹੁਤ ਸੁੰਦਰ ਹਨ - ਪਰ ਕੋਈ ਉਨ੍ਹਾਂ ਨੂੰ ਨਹੀਂ ਖਾਵੇਗਾ!



ਸਿੱਧਾ ਤੇ ਮਜ਼ਬੂਤ, ਇਹ ਉੱਪਰ ਵੱਲ ਉੱਚਾ ਖੜ੍ਹਾ ਹੁੰਦਾ ਹੈ।
ਇਹ ਗਹਿਰੇ ਭੂਮੀਗਤ ਪਾਣੀ ਨੂੰ ਪੀਂਦਾ ਹੈ।
ਸਾਡੇ ਲਈ ਇਹ ਆਪਣੇ ਸਿਰ 'ਤੇ ਘੜਿਆਂ ਵਿੱਚ ਪਾਣੀ
ਲੈ ਕੇ ਆਉਂਦਾ ਹੈ।

ਉਨ੍ਹਾਂ ਦੇ ਮਿੱਠੇ-ਖੱਟੇ ਫਲ ਸਾਡੇ ਖਾਣੇ ਨੂੰ ਸੁਆਦ ਬਖ਼ਸ਼ਦੇ ਹਨ।
ਸ਼ਾਂਤੀ ਨਾਲ ਉਹ ਆਪਣੀਆਂ ਵਿਸ਼ਾਲ ਛਾਵਾਂ ਸਾਡੀਆਂ ਸੜਕਾਂ 'ਤੇ ਪਾਉਂਦੇ ਹਨ।
ਉਹ ਸੁਹਾਵਣੇ ਬਾਗਾਂ ਵਿੱਚ ਵੀ ਇਕੱਠੇ ਹੁੰਦੇ ਹਨ,
ਉਨ੍ਹਾਂ ਦੀਆਂ ਭੂਰੀਆਂ ਫਲੀਆਂ ਲੁਭਾਉਣੇ ਢੰਗ ਨਾਲ ਲਟਕਦੀਆਂ ਹਨ

ਮੇਰੀਆਂ ਡੂੰਘੀਆਂ ਜੜ੍ਹਾਂ ਮੈਨੂੰ ਟਿਕਾਉਂਦੀਆਂ ਹਨ
ਮੇਰੇ ਗੂੜ੍ਹੇ ਹਰੇ ਪੱਤੇ ਮੈਨੂੰ ਠੰਡਾ ਰੱਖਦੇ ਹਨ।
ਮੈਂ ਮੋਟੀਆਂ ਟਾਹਣੀਆਂ 'ਤੇ ਆਪਣਾ ਭਾਰੀ ਭਾਰ ਢੋ ਰਿਹਾ ਹਾਂ।
ਕੱਟਣ 'ਤੇ ਇਨ੍ਹਾਂ ਵਿੱਚੋਂ ਚਿਪਚਿਪਾ ਦੁੱਧ ਨਿਕਲਦਾ ਹੈ।
ਮੇਰੇ ਫਲ ਹਜ਼ਾਰਾਂ ਨੂੰ ਖੁਰਾਕ ਦਿੰਦੇ ਹਨ।

ਨਵੇਂ ਨੰਨੇ ਪੱਤੇ ਬਹੁਤ ਨਰਮ ਤੇ ਕੋਮਲ ਲੱਗਦੇ ਹਨ।
ਫਿਰ ਛੋਟੇ-ਛੋਟੇ ਚਿੱਟੇ ਫੁੱਲਾਂ ਦੇ ਗੁੱਛੇ ਆਉਂਦੇ ਹਨ।
ਉਸ ਤੋਂ ਬਾਅਦ ਕੱਚੇ ਹਰੇ ਫਲ—ਨਮਕ ਨਾਲ ਖਾਏ ਜਾਣ ਤਾਂ ਬੜੇ ਸਵਾਦ ਲੱਗਦੇ ਹਨ।
ਅੰਤ ਵਿੱਚ ਬੇਮਿਸਾਲ ਪੱਕੇ ਫਲ ਆਉਂਦੇ ਹਨ —
ਇਹ ਤਾਂ ਫਲਾਂ ਦਾ ਰਾਜਾ ਹੈ!



ਇਸਦੀ ਸੱਕ ਕੌੜੀ ਹੈ
ਇਸਦੇ ਪੱਤੇ ਕੌੜੇ ਹਨ
ਇਸਦਾ ਸਾਰਾ ਵਜੂਦ ਕੌੜਾ ਹੈ!
ਇਹ ਕੀਟਾਣੂਆਂ ਅਤੇ ਬਿਮਾਰੀਆਂ ਨੂੰ ਦੂਰ ਰੱਖਦਾ ਹੈ

ਪਾਲਮੀਰਾ, ਅੰਬ ਦਾ ਰੁੱਖ, ਬਦਾਮ ਦਾ ਰੁੱਖ, ਆਵਲਾ, ਨਿੰਮ ਦਾ ਰੁੱਖ, ਰੇਸ਼ਮ-ਕਪਾਹ ਦਾ ਰੁੱਖ, ਕਾਸੁਆਰੀਨਾ(ਝਾਉਂ), ਕੇਲਾ, ਨਾਰੀਅਲ ਦਾ ਰੁੱਖ, ਜੁਜੂਬ ਦਾ ਰੁੱਖ (ਬੇਰ), ਇਮਲੀ ਦਾ ਰੁੱਖ, ਗੁਲਮੋਹਰ (ਜੰਗਲ ਦੀ ਲਾਟ), ਪਪੀਤੇ ਦਾ ਰੁੱਖ, ਪਿੱਪਲ, ਕਟਹਲ ਦਾ ਰੁੱਖ, ਯੂਕੇਲਿਪਟਸ, ਬਰਗਦ, ਮੋਰਿੰਗਾ, ਨਿੰਬੂ ਦਾ ਰੁੱਖ

P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy